ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/11 ਨਵੰਬਰ 2017 – ਨਾਨਕਸ਼ਾਹੀ ਅੱਸੂ-ਕੱਤਕ 549

## ਇਤਿਹਾਸਿਕ ਦਿਹਾੜੇ

### ਨਵੰਬਰ ਅਤੇ ਦਸੰਬਰ 2017

| | | |
|---|---|---|
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ | ੧੯ ਕੱਤਕ | (04-11-17) |
| ਸ਼ਹੀਦੀ ਬਾਬਾ ਦੀਪ ਸਿੰਘ ਜੀ ਸ਼ਹੀਦ | ੩੦ ਕੱਤਕ | (15-11-17) |
| ਸਥਾਪਨਾ ਸ਼੍ਰੋਮਣੀ ਗੁ: ਪ੍ਰ: ਕਮੇਟੀ | ੧ ਮੱਘਰ | (16-11-17) |
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੬ ਮੱਘਰ | (21-11-17) |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੮ ਮੱਘਰ | (23-11-17) |
| ਜਨਮ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | ੧੫ ਮੱਘਰ | (30-11-17) |
| ਜਨਮ ਸਾਹਿਬਜ਼ਾਦਾ ਫਤਿਹ ਸਿੰਘ ਜੀ | ੨੯ ਮੱਘਰ | (14-12-17) |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | ੮ ਪੋਹ | (22-12-17) |
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੧੧ ਪੋਹ | (25-12-17) |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | ੧੩ ਪੋਹ | (27-12-17) |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

## ਮੰਘਿਰਿ ਮਾਹਿ ਸੋਹੰਦੀਆ ........॥ (ਜੀਵਨ - ਜੁਗਤਿ)

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

ਪਦ ਅਰਥ :- ਮੰਘਿਰਿ-ਮੰਘਰ ਵਿਚ । ਮਾਹਿ ਮਹੀਨੇ ਵਿਚ । ਪਿਰ ਸੰਗਿ - ਪਤੀ ਦੇ ਨਾਲ । ਕਿਆ ਗਣੀ-ਮੈਂ ਕੀਹ ਦੱਸਾਂ ? ਬਿਆਨ ਨਹੀਂ ਹੋ ਸਕਦੀ । ਜਿ-ਜਿੰਨ੍ਹਾਂ ਨੂੰ । ਸਾਹਿਬਿ-ਸਾਹਿਬ ਨੇ । ਰਾਮ ਸਿਉ-ਪਰਮਾਤਮਾ ਨਾਲ । ਸਾਧ ਸਹੇਲੜੀਆਹਿ ਸੰਗਿ-ਸਤ ਸੰਗੀਆਂ ਨਾਲ । ਬਾਹਰੀ-ਬਿਨਾ । ਤੇ-ਤੋਂ । ਦਿਸਹਿ-ਦਿੱਸਦੀਆਂ ਹਨ । ਖੜੀਆਹ-ਸਾਵਧਾਨ, ਸੁਚੇਤ । ਕੰਠਿ-ਗਲ ਵਿਚ (ਭਾਵ, ਹਿਰਦੇ ਵਿਚ) ਬਾਂਛੈ-ਮੰਗਦਾ ਹੈ । ਦਰਿ-ਦਰ ਉਤੇ । ਬਹੁੜਿ-ਮੁੜ, ਫਿਰ ।

ਅਰਥ :- ਮੱਘਰ (ਦੇ ਠੰਢੇ-ਮਿੱਠੇ) ਮਹੀਨੇ ਵਿਚ ਉਹ ਜੀਵ-ਇਸਤ੍ਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ । ਜਿੰਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ, ਉਹਨਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ । ਸਤ-ਸੰਗੀ ਸਹੇਲੀਆਂ ਦੀ ਸੰਗਤਿ ਵਿਚ ਪ੍ਰਭੂ ਦੇ ਨਾਲ (ਚਿੱਤ ਜੋੜ ਕੇ) ਉਹਨਾਂ ਦਾ ਸਰੀਰ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ ।

ਪਰ ਜੇਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ ( ਦੀ ਸੰਗਤਿ) ਤੋਂ ਵਾਂਜੀਆਂ ਰਹਿੰਦੀਆਂ ਹਨ, ਉਹ ਇਕੱਲੀਆਂ (ਛੁੱਟੜ) ਹੀ ਰਹਿੰਦੀਆਂ ਹਨ (ਜਿਵੇਂ ਸੜੇ ਹੋਏ ਤਿਲਾਂ ਦਾ ਬੂਟਾ ਪੈਲੀ ਵਿਚ ਨਿਖਸਮਾ ਰਹਿੰਦਾ ਹੈ । ਇਕੱਲੀ ਨਿਖਸਮੀ ਜਿੰਦ ਨੂੰ ਵੇਖ ਕੇ ਕਾਮਾਦਿਕ ਕਈ ਵੈਰੀ ਆ ਕੇ ਘੇਰ ਲੈਂਦੇ ਹਨ, ਤੇ) ਉਹਨ ਦਾ (ਵਿਕਾਰਾਂ ਤੋਂ ਉਪਜਿਆ) ਦੁੱਖ ਕਦੇ ਲਹਿੰਦਾ ਨਹੀਂ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ ।

ਜਿੰਨ੍ਹਾਂ ਜੀਵ-ਇਸਤ੍ਰੀਆਂ ਨੇ ਪਤੀ-ਪ੍ਰਭੂ ਦਾ ਸਾਥ ਮਾਣਿਆ ਹੈ, ਉਹ (ਵਿਕਾਰਾਂ ਦੇ ਹੱਲੇ ਵਲੋਂ) ਸਦਾ ਸੁਚੇਤ ਦਿੱਸਦੀਆਂ ਹਨ (ਵਿਕਾਰ ਉਹਨਾਂ ਉੱਤੇ ਚੋਟ ਨਹੀਂ ਕਰ

ਸਕਦੇ, ਕਿਉਂਕਿ) ਪਰਮਾਤਮਾ ਦੇ ਗੁਣਾਨੁਵਾਦ ਉਹਨਾਂ ਦੇ ਹਿਰਦੇ ਵਿਚ ਪੋਤੇ ਰਹਿੰਦੇ ਹਨ, ਜਿਵੇਂ ਹੀਰੇ ਜਵਾਹਰ ਤੇ ਲਾਲਾਂ ਦਾ ਹਾਰ ਗਲ ਵਿਚ ਪਾਇਆ ਹੁੰਦਾ ਹੈ ।

ਨਾਨਕ ਉਹਨਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜੋ ਪ੍ਰਭੂ ਦੇ ਦਰ ਤੇ ਪਏ ਰਹਿੰਦੇ ਹਨ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ । ਮੰਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਮੁੜ ਜਨਮ ਮਰਨ ਦਾ ਗੇੜ ਨਹੀਂ ਵਾਪਰਦਾ ।੧੦।

## ਸਭ ਤੇ ਵਡਾ ਸਤਿਗੁਰੁ ਨਾਨਕੁ

ਪ੍ਰੋ: ਬਲਵਿੰਦਰ ਸਿੰਘ

'ਗੁਰੂ ਨਾਨਕ' ਕਿਸੇ ਪੰਜ ਭੂਤਕ ਸਰੀਰ ਦਾ ਨਾਮ ਨਹੀਂ । ਇਹ ਤਾਂ ਰੱਬੀ ਜੋਤ ਹੈ । ਵਾਹਿਗੁਰੂ ਜੀ ਖੁਦ ਹੀ ਜੋਤ ਰੂਪ ਹੋ ਗੁਰੂ ਨਾਨਕ ਰੂਪ 'ਚ ਪ੍ਰਗਟ ਹੋਏ ਤੇ ਫਿਰ ਇਹ ਜੋਤ ਹੋਰ ਗੁਰੂ ਸਾਹਿਬਾਨ ਤੋਂ ਹੁੰਦੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸੱਚ ਕੀ ਬਾਣੀ' ਦੇ ਰੂਪ ਵਿੱਚ ਪ੍ਰਕਾਸ਼ਮਾਨ ਹੋ ਰਹੀ ਹੈ । ਫੁਰਮਾਣ ਹੈ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾਂ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ (ਪੰਨਾ ੧੪੦੮)

ਇਸ ਤੋਂ ਇਲਾਵਾ ਹੋਰ ਵੀ ਅਨੇਕ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮਿਲਦੇ ਹਨ । ਅਸੀਂ ਉਨ੍ਹਾਂ ਸਾਰਿਆਂ ਨੂੰ ਇਥੇ ਅੰਕਿਤ ਨਹੀਂ ਕਰ ਰਹੇ । ਉਦਾਹਰਣ ਵਜੋਂ :

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥ (ਪੰਨਾ ੧੩੯੫)

ਗੁਰੂ ਨਾਨਕ ਸਾਹਿਬ ਜੀ ਅਤਿ ਪਵਿੱਤਰ ਨੂਰੀ ਚਰਿੱਤਰ ਦੇ ਮਾਲਕ ਸਨ । ਜਿਸ ਥਾਂ' ਤੇ ਉਹ ਪੈਰ ਧਰਦੇ ਉਹ ਧਰਤੀ ਪੂਜਣ ਯੋਗ ਹੋ ਜਾਂਦੀ । ਗੁਰੂ ਪਾਤਸ਼ਾਹ ਨੇ ਕਦੀ ਕਿਧਰੇ ਕਿਸੇ ਥਾਂ 'ਤੇ ਵੀ ਆਪਣੀ ਮਹਿਮਾ ਕਰਨੀ-ਕਰਾਉਣੀ ਤਾਂ ਦੂਰ ਦੀ ਗੱਲ ਰਹੀ, ਕਿਸੇ ਨੂੰ ਕਰਨ ਵੀ ਨਹੀਂ ਦਿੱਤੀ ਤੇ ਜੇ ਕਿਸੇ ਨੇ ਕੀਤੀ ਤਾਂ ਆਪ ਜੀ ਨੇ ਉਸ ਨੂੰ ਸੁਣਿਆ ਹੀ ਨਹੀਂ, ਬੱਸ ਧੰਨ ਨਿਰੰਕਾਰ-ਧੰਨ ਨਿਰੰਕਾਰ ਉਚਾਰਿਆ ਅਤੇ ਆਖਿਆ, 'ਅਸੀਂ ਕੌਣ ਕੀਟ ਹਾਂ ਜੀ, ਵਡਿਆਈ ਸਭ ਉਸ ਨਿਰੰਕਾਰ ਦੀ ਹੈ । ਉਸ ਦਾਤੇ ਦਾ ਚਾਨਣ ਸਭਨੀਂ ਪਾਸੀਂ ਦਸੀਂ-ਦਿਸ਼ਾਈ ਫੈਲਿਆ ਹੋਇਆ ਹੈ । ਉਹ ਸ਼ਬਦ ਰੂਪ ਹੈ ਤੇ ਉਸ ਸ਼ਬਦ ਦੀ ਰੋਸ਼ਨੀ ਹੀ ਸਭ ਪਾਸੇ ਪਸਰੀ ਹੋਈ ਹੈ । ਗੁਰੂ ਨਾਨਕ ਦੇਵ ਜੀ ਨੇ ਇਤਨੀ ਮਿਹਰ ਕੀਤੀ ਕਿ ਉਨ੍ਹਾਂ ਨੇ ਇਸ ਬੇਸ਼ਕੀਮਤ ਬੇਬਹਾ ਦੌਲਤ ਨੂੰ ਇਕੱਠਿਆਂ ਕਰਨ ਦੀ ਜਾਚ ਗੁਰਸਿੱਖਾਂ ਨੂੰ ਸਿਖਾ ਦਿੱਤੀ, ਜਿਸ ਨਾਲ ਉਨ੍ਹਾਂ ਦਾ ਅੰਦਰਲਾ ਤੱਤ ਸਹਿਜੇ ਹੀ ਮਹਾਂ ਤੱਤ ਦੇ ਨਾਲ ਅਭੇਦ ਹੋ ਜਾਂਦਾ ਹੈ ।

ਮਹਾਨ ਗੁਰਸਿੱਖ ਵਿਦਵਾਨ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਬਾਬਾ ਨਾਨਕ ਜੀ ਅਕਾਲ ਦਾ ਹੀ ਰੂਪ ਹਨ; ਭਾਈ ਮਰਦਾਨਾ ਜੀ ਉਨ੍ਹਾਂ ਦੇ ਨਾਲ ਨੌ ਖੰਡ ਪ੍ਰਿਥਵੀ ਦਾ ਭ੍ਰਮਣ ਕਰਦੇ ਰਹੇ । ਰਬਾਬ ਵਜਾ ਕੇ ਅਕਾਲ ਪੁਰਖ ਦੀ ਮਹਿਮਾ ਕਰਦੇ ਕਰਦੇ, ਗੁਰੂ ਨਾਨਕ ਪਾਤਸ਼ਾਹ ਨਾਲ ਇਕਮਿਕ ਹੋ ਗਏ । ਇਹੀ ਵਡਿਆਈ ਹੈ ਵੱਡੇ ਭਾਰੇ ਮਨੁੱਖ ਦੀ ਕਿ ਜਿਹੜਾ ਵੀ ਉਸ ਦੇ ਨਾਲ ਲੱਗੇ, ਉਸ ਦੇ ਅੰਦਰ ਉਹਦੇ ਗੁਣਾਂ ਦਾ ਸਮਾਵੇਸ਼ ਹੋ ਜਾਂਦਾ ਹੈ ਉਹ ਫਿਰ ਉਸ ਦਾ ਰੂਪ ਹੀ ਲੱਗਣ ਲੱਗ ਪੈਂਦਾ ਹੈ । ਜਦੋਂ ਮਰਦਾਨਾ ਜੀ ਆਪਣਾ ਸਰੀਰ ਤਿਆਗਣ ਲੱਗੇ ਤਾਂ ਉਸ ਵੇਲੇ ਵੱਡੇ ਭਾਗਾਂ ਵਾਲੇ ਭਾਈ ਮਰਦਾਨਾ ਜੀ ਦਾ ਪਵਿੱਤਰ ਸਿਰ ਗੁਰੂ ਨਾਨਕ ਦੇਵ ਜੀ ਦੀ ਵਿਸ਼ਾਲ ਗੋਦ ਵਿੱਚ ਸੀ । ਗੁਰੂ ਬਾਬਾ ਜੀ ਨੇ ਪੁੱਛਿਆ, “ਮਰਦਾਨਿਆਂ ਤੇਰੇ ਸਰੀਰ ਤਿਆਗਣ ਮਗਰੋਂ, ਜੇ ਤੂੰ ਕਹੇਂ ਬ੍ਰਾਹਮਣ ਵਾਗੂੰ ਤੈਨੂੰ ਜਲ ਪ੍ਰਵਾਹ ਕਰ ਦਿਆਂ? ਖੱਤਰੀ ਵਾਂਗੂੰ ਤੇਰੇ ਸਰੀਰ ਦਾ ਦਾਹ ਸੰਸਕਾਰ ਕਰ ਦਿਆਂ ? ਪਾਰਸੀ ਵਾਂਗੂੰ ਤੇਰਾ ਸਰੀਰ ਹਵਾ ਵਿੱਚ ਰੱਖ ਦਿਆਂ ਜਾਂ ਫਿਰ ਕਿਸੇ ਮੁਸਲਮਾਨ ਵਾਂਗੂੰ ਤੈਨੂੰ ਦਫਨਾ ਕੇ ਤੇਰਾ ਮਕਬਰਾ ਬਣਾ ਦਿਆਂ ?

ਭਾਈ ਮਰਦਾਨਾ ਜੀ ਨੇ ਹੱਸਦਿਆਂ ਉਤੱਰ ਦਿੱਤਾ, “ਵਾਹ ਬਾਬਾ ਵਾਹ ! ਸਾਰੀ ਉਮਰ ਤਾਂ ਇਹ ਜਾਚ ਦੱਸਦੇ ਰਹੇ ਕਿ ਆਤਮਾ ਨੇ ਪਰਮਾਤਮਾ ਵਿੱਚ ਅਭੇਦ ਹੋ ਜਾਣਾ ਹੈ । ਹੁਣ ਜਦ ਪ੍ਰੀਖਿਆ ਦੀ ਘੜੀ ਆਈ ਹੈ ਤਾਂ ਮੁੜ ਕਬਰਾਂ ਤੇ ਮਕਬਰਿਆਂ ਵਿੱਚ ਕੈਦ ਕਰੋਗੇ ?” ਅਕਾਲ ਰੂਪ ਬਾਬਾ ਜੀ ਅਤੀ ਖੁਸ਼ ਹੋਏ । ਸਮਰੱਥ ਗੁਰੂ ਨੇ ਸਿਦਕੀ ਸਿਰ 'ਤੇ ਹੱਥ ਰੱਖਿਆ ਅਤੇ ਮਹਾਨ ਆਤਮਾ, ਪਰਮ-ਆਤਮਾ ਵਿੱਚ ਸਮਾ ਗਈ ।

ਗੁਰੂ ਨਾਨਕ ਦੇਵ ਜੀ ਖੁਦ ਅਕਾਲ ਦਾ ਰੂਪ ਹਨ ਜਿਨ੍ਹਾਂ ਵਿੱਚ, “ਹਰਿ ਕੈ ਗੁਣ” ਜੋ ਹਰੀ ਨੂੰ ਭਾਉਂਦੇ ਹਨ, ਸਾਰੇ ਦੇ ਸਾਰੇ ਵਿਦਮਾਨ ਹੋਏ । ਕਦੀ ਆਪਣੇ ਆਪ ਨੂੰ ਨਿਰੰਕਾਰ ਨਹੀਂ ਕਿਹਾ । ਸਗੋਂ ਅਤੀ ਨਿਮਰਤਾ ਨਾਲ ਇਹ ਕਿਹਾ, “ਨਾਨਕੁ ਵੇਚਾਰਾ ਕਿਆ ਕਹੈ...॥” “ਹਮ ਨੀਚ ਹੁਤੇ ਹੀਣਮਤਿ ਝੂਠੇ...॥” “ਨਾਨਕ ਦਾਸ ਤੁਮਾਰਾ”। ਇਹੀ ਵਡਿਆਈ ਹੈ ਗੁਰੂ ਨਾਨਕ ਦੇਵ ਜੀ ਦੀ । ਇਸੇ ਲਈ ਸਤਿਗੁਰੂ ਨਾਨਕ ਸਭ ਤੋਂ ਵੱਡਾ ਹੈ ਜਿਸ ਨੇ ਸਦਾ ਵੱਡੇ ਕੀਆਂ ਵਡਿਆਈਆਂ ਹੀ ਉਚਰੀਆਂ, ਗਾਈਆਂ, ਧਿਆਈਆਂ ਤੇ ਸੁਣਾਈਆਂ ਹਨ ।

ਵਾਹਿਗੁਰੂ ਨਿਰਭਉ ਹੈ ਤੇ ਨਿਰੰਕਾਰ ਹੈ । ਗੁਰੂ ਨਾਨਕ ਦੇਵ ਜੀ ਨਿਰਭੈ ਤੇ ਨਿਰੰਕਾਰੀ ਯੋਧਾ ਹਨ । ਉਹ ਜਾਬਰ ਰਾਜਿਆਂ ਕੋਲੋਂ ਡਰਦੇ ਨਹੀਂ । ਮਾਸਪੁਰੀ ਵਿੱਚ ਖੜ੍ਹੇ ਹੋ ਕੇ ਸੱਚ ਸੁਣਾਉਣ ਤੋਂ ਭੈ-ਭੀਤ ਨਹੀਂ ਹੁੰਦੇ । ਜਾਬਰ ਨੂੰ ਜਾਬਰ ਕਹਿਣ ਤੋਂ ਗੁਰੇਜ਼ ਨਹੀਂ ਕਰਦੇ । ਜਿਨ੍ਹਾਂ ਨੂੰ ਸਮਾਜ ਨੀਵਾਂ ਕਹਿ ਕੇ ਦੁਰਕਾਰਦਾ ਸੀ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਪਿਆਰ-ਸਤਿਕਾਰ ਦਿੰਦੇ । ਜਦੋਂ ਵੀ ਗੁਰੂ ਨਾਨਕ ਦੇਵ ਜੀ ਆਪਣੀਆਂ ਫੇਰੀਆਂ ਵਿੱਚ ਭ੍ਰਮਣ ਕਰਦੇ ਹੋਏ ਵੱਖ-ਵੱਖ ਸ਼ਹਿਰਾਂ ਵਿੱਚ ਵੱਖ-ਵੱਖ ਲੋਕਾਂ ਕੋਲ ਜਾਂਦੇ ਤਾਂ ਉਨ੍ਹਾਂ ਦਾ ਟਿਕਾਣਾ ਕਿਸੇ ਸੁਖਾਲੀਆਂ ਸੇਜ਼ਾਂ ਵਾਲੇ ਘੋੜਿਆਂ, ਹਾਥੀਆਂ, ਹੁਦਿਆਂ ਵਾਲੇ, ਵੱਡੇ-ਵੱਡੇ

ਰੁਤਬਿਆਂ ਤੇ ਅਹੁਦਿਆਂ ਵਾਲੇ ਪਾਸ ਨਹੀਂ ਸੀ ਹੁੰਦਾ। ਸਗੋਂ ਸ਼ਹਿਰੋਂ ਬਾਹਰ ਕਿਸੇ ਨਿੱਕੀ ਅਰ ਝਿੱਕੀ ਜਿਹੀ ਝੁੱਗੀ ਵਾਲੇ ਕੋਲ ਹੁੰਦਾ। ਗੁਰੂ ਪਾਤਸ਼ਾਹ ਜੀ ਮਲਕ ਭਾਗੋ ਕੋਲ ਆਪ ਜਾ ਪੁੱਜਣਾ ਤਾਂ ਕੀ, ਸਗੋਂ ਸੱਦਿਆਂ ਤੇ ਬੁਲਾਵਿਆਂ 'ਤੇ ਵੀ ਨਾ ਗਏ। ਉਹ ਉਸੇ ਹੀ ਨਗਰ ਦੇ ਇੱਕ ਗਰੀਬ ਤਰਖਾਣ ਪਵਿੱਤਰ ਜੀਵਨ ਤੇ ਸੁੱਚੀ ਕਿਰਤ ਵਾਲੇ ਭਾਈ ਲਾਲੋ ਕੋਲ ਗਏ। ਮਲਕ ਭਾਗੋ ਦੇ ਪਕਵਾਨਾਂ ਵਿੱਚ ਗੁਰੂ ਜੀ ਨੂੰ ਕਿਰਤੀਆਂ ਦਾ ਚੂਸਿਆ ਹੋਇਆ ਲਹੂ ਨਜ਼ਰ ਆਇਆ ਤੇ ਭਾਈ ਲਾਲੋ ਜੀ ਦੀ ਸੁੱਚੀ ਕਿਰਤ ਕਮਾਈ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਦੀ ਪਵਿੱਤਰਤਾ ਨਜ਼ਰ ਆਈ ਅਤੇ ਇਹੀ ਲੋਕਾਈ ਨੂੰ ਸਾਖਿਆਤ ਗਿਆਨ ਕਰਾ ਦਿੱਤਾ।

ਗੁਰੂ ਨਾਨਕ ਦੇਵ ਜੀ ਦੀ ਨਿਮਰਤਾ ਸਬੰਧੀ ਅਸੀਂ ਆਪਣੀਆਂ ਮਾਤਾਵਾਂ ਅਤੇ ਦਾਦੀਆ ਪਾਸੋਂ ਇਹ ਸੱਚੀ ਤੇ ਸੁੱਚੀ ਪੁਰਾਤਨ ਕਥਾ ਸੁਣੀ ਹੈ ਕਿ ਜੇ ਰੱਬ ਕੋਲ ਇਕ ਸੇਰ ਗਰੀਬੀ (ਨਿਮਰਤਾ) ਸੀ ਤਾਂ ਗੁਰੂ ਨਾਨਕ ਦੇਵ ਜੀ ਉਸ ਵਿੱਚੋਂ ਤਿੰਨ ਪਾਅ ਆਪਣੇ ਜੋਗੀ ਲੈ ਆਏ ਸਨ। ਇਥੇ ਇਸ ਕਥਾ ਦੀ ਭਾਵਨਾ ਨੂੰ ਸਮਝਣ ਦੀ ਲੋੜ ਹੈ ਨਾ-ਸਮਝੀ ਵਿੱਚ ਭੁਲੇਖਿਆਂ ਅੰਦਰ ਪੈ ਕੇ ਦੂਜਿਆਂ ਨੂੰ ਭੰਬਲ-ਭੂਸਿਆਂ ਵਿੱਚ ਪਾਉਣ ਦੀ ਲੋੜ ਨਹੀਂ। ਜਿਸ ਤਰ੍ਹਾਂ ਨਿਰੰਕਾਰ ਜੀ ਦਾ ਅਕਾਰ, ਮੇਚ ਨਹੀਂ, ਨਿਮਰਤਾ ਦਾ ਵੀ ਅਕਾਰ ਮਾਪ ਆਦਿ ਨਹੀਂ। ਨਿਮਰਤਾ ਰੱਬ ਦਾ ਸਰੂਪ ਹੈ। ਜੇ ਇਸ ਗਾਥਾ ਦੀ ਭਾਵਨਾ ਨੂੰ ਨਾ ਫੜ ਕੇ, ਅੱਖਰੀ ਮਤਲਬ ਨੂੰ ਪਕੜ ਕੇ ਬੈਠ ਜਾਈਏ ਤਾਂ ਕੀ ਇਹ ਠੀਕ ਹੋਵੇਗਾ ਕਿ ਰੱਬ ਕੋਲ ਸਿਰਫ ਇਕ ਸੇਰ ਨਿਮਰਤਾ ਹੀ ਹੈ। ਦਰਅਸਲ ਇਹ ਗੱਲ ਨੂੰ ਸਮਝਾਉਣ ਦਾ ਢੰਗ ਹੈ। ਨਿਰੰਕਾਰ ਵਾਹਿਗੁਰੂ ਸਭ ਸੰਸਾਰ ਦਾ ਕਰਤਾ ਹੈ। ਕਰਤਾ ਤੇ ਭਰਤਾ ਹੈ। ਇਸ ਦੇ ਬਾਵਜੂਦ ਕਦੀ ਉਹ ਕਿਸੇ ਨੂੰ ਕਹਿਣ ਗਿਆ ਕਿ ਮੈਂ ਤੈਨੂੰ ਦੁਰਲੱਭ ਮਾਨਸ ਦੇਹ ਦਿੱਤੀ ? ਹਸਤ, ਪਾਵ, ਕਰਨ, ਨੇਤਰ ਤੇ ਰਸਨਾ ਪ੍ਰਦਾਨ ਕੀਤੀ। ਅਤਿ ਸੁਆਦਲੇ ਭੋਜਨ ਪਕਵਾਨ ਤੇ ਰਹਿਣ ਲਈ ਬਹੁ-ਮੰਜ਼ਲੇ ਮਕਾਨ ਦਿੱਤੇ, ਸੋਹਣੀ ਸ਼ਕਲ ਤੇ ਵੱਡੀ ਅਕਲ ਦਿੱਤੀ। ਹੋਰ ਕਿਤਨਾ ਕੁਝ ਦਿੱਤਾ। ਧਰਤੀ ਦੀ ਸਰਦਾਰੀ ਤੇ ਸਿੱਕਦਾਰੀ ਦਿੱਤੀ। ਬਹੁਤ ਸਾਰਾ ਧੰਨ-ਦੌਲਤ, ਵਪਾਰ ਤੇ ਅਮੀਰੀ ਦਿੱਤੀ। ਕਬਜ਼ਾ, ਦਬਦਬਾ, ਸਮਾਜ ਵਿੱਚ ਉਚਾ ਸਥਾਨ, ਰਾਜਭੋਗ, ਤਖਤ, ਹਕੂਮਤ ਤੇ ਹੋਰ ਅਣਗਿਣਤ ਦਾਤਾਂ ਦਿੱਤੀਆਂ ਪਰ ਕੀ ਕਦੀ ਵਾਹਿਗੁਰੂ ਨੇ ਇਹ ਸਭ ਜਤਾਇਆ ਹੈ ? ਜਿਨ੍ਹਾਂ 'ਤੇ ਉਹ ਆਪ ਮਿਹਰਬਾਨ ਹੋ ਕੇ ਇਹ ਜਨਾ ਦੇਵੇ ਕਿ ਇਹ 'ਦਾਤੀ ਸਾਹਿਬ ਸੰਦੀਆ' ਹਨ ਉਹ ਵੱਡੇ ਭਾਗਸ਼ਾਲੀ ਹਨ। ਵਾਹਿਗੁਰੂ ਸਭ ਕੁਝ ਦੇਣ ਤੋਂ ਬਾਅਦ ਵੀ ਇਤਨਾ ਵਿਨਮਰ ਹੈ ਕਿ ਉਸ ਕਿਸੇ ਨੂੰ ਆਪਣਾ ਅਹਿਸਾਨ ਕੀ ਜਤਾਉਣਾ ਹੈ ਸਗੋਂ ਆਪਣਾ ਆਪ ਵੀ ਛੁਪਾਈ ਰੱਖਦਾ ਹੈ। ਐਸੇ ਹੀ ਹਨ ਗੁਰੂ ਨਾਨਕ ਦੇਵ ਜੀ। ਸਾਰੀ ਲੋਕਾਈ ਨੂੰ ਸੁਖ, ਚੈਨ, ਸ਼ਾਂਤੀ, ਪਿਆਰ ਤੇ ਗਿਆਨ ਦੇਣ ਦੇ ਬਾਵਜੂਦ ਇਹੀ ਆਖਦੇ ਹਨ :

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਨਿਆ ਮੈ ਮੂਰਖ ਕਿਛੁ ਦੀਜੈ ॥

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥ (ਪੰਨਾ ੫੯੬)

ਪਿਛਲੇ ਕਈ ਹਜ਼ਾਰਾਂ ਵਰ੍ਹਿਆਂ ਤੋਂ ਗਿਆਨਵਾਨਾਂ ਤੇ ਪੰਡਤਾਂ ਨੇ ਇਹ ਗੱਲ ਲੋਕਾਂ ਦੇ ਮਨਾਂ ਵਿੱਚ ਪੱਕੀ ਕੀਤੀ ਹੋਈ ਸੀ ਕਿ ਧਰਤੀ ਇੱਕ ਬਲਦ ਦੇ ਸਿੰਗ 'ਤੇ ਖੜ੍ਹੀ ਹੈ। ਜਦੋਂ ਉਹ ਬਲਦ ਥੱਕ ਜਾਂਦਾ ਹੈ ਤਾਂ ਧਰਤੀ ਨੂੰ ਦੂਜੇ ਸਿੰਗ 'ਤੇ ਚੁੱਕ ਲੈਂਦਾ ਹੈ। ਇਸ ਤਰ੍ਹਾਂ ਇਸ ਬਲਦ ਦੇ ਹਿੱਲਣ-ਜੁਲਣ ਕਾਰਨ ਜਾਂ ਸਿੰਗ ਬਦਲਣ ਨਾਲ ਭੁਚਾਲ ਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਬੜੀ ਨਿਮਰਤਾ ਨਾਲ ਇਹ ਪ੍ਰਸ਼ਨ ਕਰਦੇ ਹਨ ਕਿ ਗਿਆਨਵਾਨ ਪੰਡਤ ਜੀ, ਤੁਸੀਂ ਇਹ ਦੱਸੋ ਕਿ ਜਿਸ ਬਲਦ ਨੇ ਇਹ ਧਰਤੀ ਚੁੱਕੀ ਹੈ ਉਹ ਕਿੱਥੇ ਖੜ੍ਹਾ ਹੈ। ਇਸ ਪ੍ਰਕਾਰ ਤੇ ਇਹ ਸਿਲਸਿਲਾ ਕਦੀ ਮੁੱਕੇਗਾ ਹੀ ਨਹੀਂ! ਧਰਤੀ ਥੱਲੇ ਬਲਦ, ਬਲਦ ਥੱਲੇ ਫਿਰ ਧਰਤੀ। ਬਲਦ-ਧਰਤੀ, ਬਲਦ-ਧਰਤੀ ਫਿਰ ਆਖਰੀ ਬਲਦ ਨੂੰ ਕੀਹਨੇ ਚੁੱਕਿਆ ਹੋਇਐ ? ਗੁਰੂ ਨਾਨਕ ਦੇਵ ਜੀ ਦੀ ਦਿਬ-ਦ੍ਰਿਸ਼ਟੀ ਨੂੰ ਇਸ ਗੱਲ ਦਾ ਪਤਾ ਹੈ ਕਿ ਅਣਗਿਣਤ ਧਰਤੀਆਂ ਹਨ। ਲੱਖਾਂ ਆਕਾਸ਼ ਤੇ ਬੇਅੰਤ ਪਾਤਾਲ ਹਨ। ਅਸੀਂ ਕੇਵਲ ਇਹ ਅੰਦਾਜ਼ਾ-ਮਾਤਰ ਹੀ ਕਰ ਸਕਦੇ ਹਾਂ, ਪੱਕਾ ਪਤਾ ਤਾਂ ਕਿਸੇ ਨੂੰ ਵੀ ਨਹੀਂ। ਉਹ ਵਾਹਿਗੁਰੂ ਆਪ ਹੀ ਜਾਣਦਾ ਹੈ ਕਿ ਇਸ ਸਾਰੇ ਸਿਲਸਿਲੇ ਨੂੰ ਉਹ ਕਿਸ ਤਰ੍ਹਾਂ ਚਲਾ ਰਿਹਾ ਹੈ ਗੱਲ ਤਾਂ ਇਹ ਹੈ ਕਿ ਇਹ ਸਭ ਪਸਾਰਾ ਉਸ ਵਾਹਿਗੁਰੂ ਦੇ ਇੱਕ ਹੁਕਮ ਨਾਲ ਹੋਂਦ ਵਿੱਚ ਆਇਆ ਹੈ ਤੇ ਉਹੀ ਇਸ ਨੂੰ ਚਲਾ ਰਿਹਾ ਹੈ। ਉਸ ਦੀ ਕੁਦਰਤ ਕਮਾਲ ਹੈ। ਉਸ ਦਾ ਅੰਤ ਅਸੀਂ ਨਹੀਂ ਪਾ ਸਕਦੇ। ਕੇਵਲ ਉਸ ਦੀ ਸਿਫਤ ਹੀ ਕਰਨੀ ਬਣਦੀ ਹੈ :

ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥(ਪੰਨਾ ੩)

ਜੋ ਕੁਝ ਉਸ ਨੇ ਰਚਿਆ ਹੈ ਉਹ ਉਸ ਦੇ ਹੁਕਮ ਦੀ ਕਿਰਤ ਹੈ ਤੇ ਸਭ ਉਸ ਦੇ ਹੁਕਮ ਦੀ ਪਾਲਣਾ ਕਰਦੇ ਹਨ। ਸਭ ਦਰਿਆ, ਧਰਤੀਆਂ, ਗ੍ਰਹਿ, ਤਾਰੇ, ਖੰਡ, ਬ੍ਰਹਿਮੰਡ, ਉਸ ਦੀ ਕ੍ਰਿਤ ਹਨ। ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ। ਉਸ ਦਾ ਲੇਖਾ ਕਰਨ ਬਹੀਏ ਤਾਂ ਅਸੀਂ ਕਰ ਨਹੀਂ ਸਕਦੇ। ਉਸ ਨੇ ਕਿਤਨਾ ਕੁਝ ਬਣਾਇਆ ਤੇ ਸਿਰਜਿਆ ਹੈ ਤੇ ਕਿਤਨੀਆਂ ਕੁ ਦਾਤਾਂ ਸਾਨੂੰ ਦਿੱਤੀਆਂ ਹਨ, ਉਨ੍ਹਾਂ ਦੀ ਗਿਣਤੀ ਹੋ ਨਹੀਂ ਸਕਦੀ। ਇਹ ਸਭ ਕੁਝ ਉਨ੍ਹਾਂ ਭਰਮ-ਗਿਆਨੀਆਂ ਤੇ ਗੱਪ-ਗਿਆਨੀਆਂ ਨੂੰ ਸਮਝਾ ਦੇਣ ਮਗਰੋਂ ਵੀ ਗੁਰੂ ਨਾਨਕ ਦੇਵ ਜੀ ਜਿੱਤ ਦੀ ਭਾਵਨਾ ਨਾਲ ਹਉਮੈ ਵਿੱਚ ਨਹੀਂ ਆਏ ਸਗੋਂ ਨਿਮਰਤਾ ਵਿੱਚ ਆ ਕੇ ਇਹੀ ਆਖਿਆ ਕਿ ਹੇ ਕਾਦਰ ! ਤੇਰੀ ਕੁਦਰਤ ਦਾ ਕੋਈ ਅੰਤ ਨਹੀਂ। ਮੈਂ ਵਿਚਾਰਾ ਉਸ ਦਾ ਕੀ ਵਿਚਾਰ ਕਰਾਂ ?ਤੇਰੀਆਂ ਦਾਤਾਂ ਤੇ ਮਿਹਰਾਂ ਅਪਾਰ ਹਨ। ਮੈਂ ਉਨ੍ਹਾਂ

ਤੋਂ ਇਕ ਵਾਰ ਵੀ ਕੁਰਬਾਨ ਜਾਣ ਜੋਗਾ ਨਹੀਂ। ਮੈਂ ਨਾਨਕ ਨੀਚ ਇਹ ਕਥਨ ਕਰਦਾ ਹਾਂ, ਜੋ ਤੈਨੂੰ ਭਾਉਂਦਾ ਹੈ ਉਹੀਓ ਭਲਾ ਹੈ। ਜੋ ਤੂੰ ਕਰਦਾ ਹੈ ਉਹੀ ਕਾਰ ਸਭ ਤੋਂ ਚੰਗੀ ਹੈ। ਹੇ ਪਰਵਦਗਾਰ ਨਿਰੰਕਾਰ ! ਤੂੰ ਸਦਾ ਸਲਾਮਤ ਹੈ। ਇਸ ਸਾਰੇ ਪਾਸਾਰੇ ਤੋਂ ਪਹਿਲਾਂ ਵੀ ਤੂੰ ਮੌਜੂਦ ਮੈਂ ਤੇ ਇਸ ਦੇ ਮੁੱਕ ਜਾਣ ਤੋਂ ਬਾਦ ਵੀ ਸਲਾਮਤ ਹੀ ਰਹੇਗਾ।

ਸਭ ਤੋਂ ਵੱਡੇ ਗੁਰੂ ਨਾਨਕ ਜੀ ਦੀ ਇਹ ਵੱਡੀ ਵਡਿਆਈ ਹੈ ਕਿ ਉਹ ਨੀਵਿਆਂ ਨੂੰ ਉਚਿਆਉਂਦੇ ਰਹੇ ਤੇ ਨਿਮਾਣਿਆਂ ਨੂੰ ਮਾਣ ਦਿੰਦੇ ਰਹੇ। ਆਪਣੀ ਪਵਿੱਤਰ ਛੋਹ ਨਾਲ ਆਪਣੇ ਗੁਣਾਂ ਦਾ ਦਾਨ ਦਿੰਦੇ ਰਹੇ। ਨਾਮ-ਨਿਹਾਦ ਵੱਡੇ, ਜੋ ਹਉਮੈ ਦੇ ਅੱਡੇ ਚੜ੍ਹ ਕੇ ਗਰਬ ਦੇ ਵਿੱਚ ਗੱਡੇ ਪਏ ਹਨ, ਉਨ੍ਹਾਂ ਨੂੰ ਪਿਆਰ ਨਾਲ ਸਮਤਲ 'ਤੇ ਖੜ੍ਹਾ ਕਰਦੇ ਰਹੇ। ਸਾਰੇ ਮਨੁੱਖਾਂ ਤੇ ਜਾਤਾਂ ਨੂੰ ਏਕਤਾ ਦੇ ਸੂਤ ਵਿੱਚ ਪਰੋਂਦੇ ਰਹੇ। ਜਿੱਥੋਂ ਉਹ ਲੰਘ ਜਾਂਦੇ, ਸੰਗਤ ਕਾਇਮ ਹੋ ਜਾਂਦੀ। ਸਵਰਗ-ਨਰਕ ਦੇ ਭੁਲੇਖਿਆਂ ਵਿੱਚੋਂ ਕੱਢ ਕੇ ਗੁਰੂ ਸਾਹਿਬ ਸੰਗਤ ਵਿੱਚੋਂ ਹੀ ਹਰਿ ਪ੍ਰਭ ਜੀ ਦੇ ਸਾਕਾਰ ਦਰਸ਼ਨ ਕਰਾਉਂਦੇ। ਗੁਰੂ ਨਾਨਕ ਦੇਵ ਜੀ ਦਾ ਇਹ ਵਡੱਪਨ ਹੈ ਕਿ ਜਿਨ੍ਹਾਂ ਨੂੰ ਲੋਕ ਨੇੜੇ ਨਹੀਂ ਸਨ ਆਉਣ ਦੇਂਦੇ ਉਨ੍ਹਾਂ ਨੂੰ ਆਪਸ ਵਿੱਚ ਨੇੜੇ ਲਿਆ ਕੇ ਅਕਾਲ ਪੁਰਖ ਦੇ ਨੇੜੇ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਦਾ ਵੱਡਾ ਵਿਹੜਾ ਸੀ। ਜਿਸ ਵਿੱਚ ਜੋਗੀ, ਜਤੀ, ਜੰਗਮ, ਸਰੇਵੜੇ, ਪੀਰ, ਸਾਲਕ, ਸਾਦਕ, ਪੈਗੰਬਰ ਸ਼ਹੀਦ ਇਕੱਠੇ ਹੋ ਗਏ ਤੇ ਗੁਰੂ ਨਾਨਕ ਦੇ ਮੁਰੀਦ ਬਣ ਗਏ। ਬੜੀ ਹੈਰਾਨਕੁੰਨ ਗੱਲ ਹੈ ਕਿ ਹਿੰਦੂ ਦਾ ਆਪਣਾ ਮੱਤ ਹੈ ਤੇ ਮੁਸਲਿਮ ਦਾ ਅਪਣਾ ਪਰ ਗੁਰੂ ਨਾਨਕ ਦੇ ਵਿਹੜੇ ਵਿੱਚ ਆ ਕੇ ਦੋਵੇਂ ਹੀ ਗੁਰੂ ਨਾਨਕ ਦੇ ਸਿੱਖ ਬਣ ਜਾਂਦੇ ਹਨ :

ਹਿੰਦੂ ਮੁਸਲਿਮ ਦੋਊ ਵਾਕੇ ਸਿਖ ਪੂਜਾ ਹੈ ਚਰਨ ਮਹਾਨਾ।
ਤਾਂ ਕੇ ਚਰਨ ਜਹਾਜ਼ ਸਮਿ ਜਾਨੋ ਕਰਹਿ ਪਾਰਿ ਜਹਾਨਾ।

ਹਿੰਦੂ ਮੁਸਲਮ ਆਪਸ ਵਿੱਚ ਖਹਿ-ਖਹਿ ਮਰਦੇ ਸਨ ਪਰ ਦੋਵੇਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਲਈ ਮਰਦੇ ਸਨ। ਹਿੰਦੂ ਮੁਸਲਮਾਨ ਦੋਵੇਂ ਸਿੱਖ ਨੂੰ ਹੀ ਨਹੀਂ ਪਹਿਚਾਣਦਾ। ਸਿੱਖ, ਸਿੱਖ ਨਾਲ ਹੀ ਨ ਰਤ ਪਿਆ ਕਰਦਾ ਹੈ। ਬੜੇ-ਬੜੇ ਧੜੇ ਹਨ, ਅੱਗੋਂ ਹਰ ਧੜਾ ਸਿਰ ਧੜ ਦੀ ਬਾਜ਼ੀ ਲਾ ਕੇ ਆਪਣੇ ਭਰਾਵਾਂ ਦਾ ਸਿਰ ਨੀਵਾਂ ਕਰਨ ਲਈ ਤਿਆਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਉਹੀ ਹਨ। ਉਹ ਤਾਂ ਅਟੱਲ, ਅਤੋਲ ਅਗਾਧਿ ਹਨ। ਫਿਰ ਸਾਨੂੰ ਕੀ ਮਾਰ ਵੱਗ ਗਈ ਹੈ ਕਿ ਅਸੀਂ ਜਾਬਰਾਂ, ਜਰਵਾਣਿਆਂ ਨੂੰ ਨਹੀਂ ਸਗੋਂ ਆਪਣੇ-ਆਪਣੇ ਹੀ ਭਰਾਵਾਂ ਨੂੰ ਨੀਵਾਂ ਵਿਖਾ ਰਹੇ ਹਨ। ਦਰਅਸਲ ਗੱਲ ਇਹ ਹੈ ਕਿ ਅਸੀਂ ਗੁਰੂ ਨਾਨਕ ਦੇ ਨੇੜਿਉਂ ਹੋ ਕੇ ਵੀ ਨਹੀਂ ਲੰਘੇ ਤੇ ਨਾ ਹੀ ਗੁਰੂ ਨਾਨਕ ਨੂੰ ਨੇੜੇ ਆਉਣ ਦਿੱਤਾ। ਫਿਰ ਅਸੀਂ ਗੁਰੂ ਨਾਨਕ ਦੇ ਵਿਹੜੇ ਕਿਵੇਂ ਪੁੱਜਾਂਗੇ ? ਹਉਂ ਅਤੇ ਗਉਂ ਕਰਕੇ ਗੁਰੂ ਨਾਨਕ ਦੀ ਉੱਚੀ ਸਿੱਖੀ ਤੇ ਸਿਖਿਆ ਸਾਡੀ ਪਹੁੰਚ ਤੋਂ ਬਾਹਰ ਹੀ ਰਹਿੰਦੀ ਹੈ। ਅਸੀਂ ਬਾਹਰੋਂ-ਬਾਹਰੋਂ ਸਿੱਖ ਬਣ ਜਾਂਦੇ ਹਾਂ। ਗੁਰੂ ਨਾਨਕ ਦੇਵ ਜੀ ਦੇ ਸੁਭਾ

ਦੀ ਕੋਈ ਗੱਲ ਵੀ ਸਾਡੇ ਅੰਦਰ ਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਆਪ ਸਾਡੇ ਅੰਦਰ ਵੱਸ ਜਾਣ ਹੁਕਮ ਹੈ :

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤੁ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ (ਪੰਨਾ੩੬੦)

ਗੁਰੂ ਦੀ ਸਾਖੀ ਭਾਵ ਗੁਰੂ ਦੀ ਗਾਥਾ ਜਿਸ ਦੀ ਗਵਾਹੀ, ਗੁਰੂ ਨਾਨਕ ਦੇਵ ਜੀ ਦੀ ਜ਼ਿੰਦਗੀ ਜੀਵਨ ਭਰ ਭਰਦੀ ਰਹੀ ਹੈ ਉਸ ਦਾ ਕੁਝ ਅੰਸ਼ ਤਾਂ ਸਾਡੇ ਅੰਦਰ ਆਏ ! ਇਹ ਕੋਈ ਔਖਾ ਕੰਮ ਨਹੀਂ । ਗੁਰੂ ਦੀ ਅੰਮ੍ਰਿਤ ਬਾਣੀ ਜਿਸ ਦੇ ਚੂਲੇ ਅਸੀਂ ਨਿੱਤ ਕਰਦੇ ਹਾਂ ਜੇ ਉਸ ਅੰਮ੍ਰਿਤ ਨੂੰ ਪੀ ਕੇ, ਭੁੰਚ ਕੇ ਆਪਣੇ ਚਲਣ ਦਾ ਭਾਗ ਬਣਾ ਲਈਏ ਤਾਂ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਬੂਹੇ ਉਤੇ ਨਿਰੰਕਾਰ ਦਰਸ਼ਨ ਦੇ ਰਿਹਾ ਹੈ ਇਸ ਤਰ੍ਹਾਂ ਨਿਮਰਤਾ ਦੇ ਪੁੰਜ ਗੁਰੂ ਨਾਨਕ ਦੇਵ ਜੀ ਸਾਡੇ ਘਰ ਦੇ ਬੂਹੇ ਉੱਤੇ ਖੜ੍ਹੇ ਹੋ ਕੇ ਸਾਡਾ ਇੰਤਜ਼ਾਰ ਕਰ ਰਹੇ ਹਨ । ਸਾਡਾ ਨਿਜ ਘਰ, ਭਾਵ ਹਿਰਦਾ ਅੰਦਰੋਂ ਗੰਦਾ-ਮੰਦਾ ਹੈ, ਗਰਦ-ਆਲੂਦ ਹੈ, ਧੂੜਾਂ-ਘੱਟਿਆਂ ਨਾਲ ਅੱਟਿਆ ਪਿਆ ਹੈ । ਰਤਾ ਗੁਰੂ-ਗਿਆਨ ਦੀ ਬੱਢਨੀ ਝਾੜੂ ਹੱਥ ਵਿੱਚ ਲੈ ਕੇ, ਕਾਤਰਤਾ ਨੂੰ ਬੁਹਾਰ ਕੇ ਬਾਹਰ ਕੱਢ ਦਈਏ ਤਾਂ ਗੁਰੂ ਨਾਨਕ ਦੇਵ ਜੀ ਸਾਡੇ ਘਰ ਹਿਰਦੇ 'ਚ ਆ ਕੇ ਬੈਠ ਜਾਣਗੇ । ਸਾਡਾ ਹਾਲ ਉਨ੍ਹਾਂ ਮੂਰਖ ਬੱਚਿਆਂ ਵਾਂਗ ਹੈ, ਜਿਨ੍ਹਾਂ ਨੇ ਆਪਣੇ ਪਿਤਾ ਨੂੰ ਸਮਝਿਆ ਨਹੀਂ । ਆਪ ਘਰ ਸੰਭਾਲ ਕੇ ਬੈਠ ਗਏ ਤੇ ਬਾਪੂ ਨੂੰ ਬਾਹਰ ਕੱਢ ਦਿੱਤਾ । ਅਫਸੋਸ ਤਾਂ ਇਹ ਹੈ ਕਿ ਜਿਨ੍ਹਾਂ ਨੂੰ ਰਤਾ ਕੁ ਗੁਰੂ ਨਾਨਕ ਦੀ ਸਮਝ ਆਉਂਦੀ ਹੈ ਉਹ ਆਪ ਹੀ ਬਹੁਤ ਵਾਰੀ ਬਾਬੇ, ਕਈ ਵਾਰੀ ਗੁਰੂ ਨਾਨਕ ਦਾ ਰੂਪ ਭਾਵ 'ਗੁਰੂ ਨਾਨਕ' ਹੀ ਬਣ ਬਹਿੰਦੇ ਹਨ ਵਾਹਿਗੁਰੂ ਸੁਮੱਤ ਬਖਸ਼ੇ ਕਿ ਅਸੀਂ ਗੁਰੂ ਨਾਨਕ ਨੂੰ ਸਮਝ ਸਕੀਏ ਅਤੇ ਅਸੀਂ ਉਸ ਸੱਚੇ ਗੁਰੂ ਦੇ ਸਿੱਖ ਬਣ ਸਕੀਏ ! ਭਾਈ ਪਾਰੋ ਜੀ ਵਾਂਗ ਇਹ ਅਰਦਾਸ ਕਰੀਏ, "ਮੋਹਿ ਕੋ ਗੁਰਸਿਖੀ ਹੈ ਪਿਆਰੀ" । ਇਸ ਪ੍ਰਕਾਰ ਗੁਰੂ ਪਾਤਸ਼ਾਹ ਆਪਣੇ ਨਾਲ ਅਭੇਦ ਕਰ ਕੇ ਸਾਨੂੰ ਅਕਾਲ ਪੁਰਖ ਨਾਲ ਜੋੜ ਦੇਣਗੇ । ਜੀਵਨ ਸਫਲ ਹੋ ਜਾਏਗਾ ਤੇ ਸਹਿਜੇ ਹੀ ਮਨ-ਚਿੰਦਿਆ ਫਲ ਪ੍ਰਾਪਤ ਹੋ ਜਾਏਗਾ । ਗੁਰੂ ਨਾਨਕ ਦੇਵ ਜੀ ਸਗਲ ਕਲਾ ਭਰਪੂਰ ਹਨ । ਵਾਹਿਗੁਰੂ ਦਾਤਾਰ ਸੁਆਮੀ ਪਾਸ ਪੁਕਾਰ ਕਰੀਏ ਤਾਂ ਉਹ ਕ੍ਰਿਪਾ ਕਰ ਕੇ ਸਾਡੀ ਬਾਂਹ ਫੜ੍ਹੇਗਾ । ਸਭ ਤੋਂ ਵੱਡੇ ਸਤਿਗੁਰੂ ਨਾਨਕ ਦੀ ਵੱਡੀ ਵਡਿਆਈ ਜੋ ਇਸ ਜੁੱਗ ਅਤੇ ਅਗਲੇ ਆਉਣ ਵਾਲੇ ਸਾਰੇ ਸਮਿਆਂ ਅਤੇ ਜੁੱਗਾਂ ਵਿੱਚ ਪ੍ਰਸੰਗਿਕ ਹੈ, ਮਾਨਵਤਾ ਦੀ ਲੋੜ ਹੈ, ਜਿਸ ਨਾਲ ਸਾਡੀ ਹਰ ਪ੍ਰਕਾਰ ਬਣ ਆਵੇ :

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

(ਪੰਨਾ ੬੧੧)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਈ. ਨੂੰ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਜੀ ਜਨਮ ਤੋਂ ਹੀ ਅਤੀਤ ਬਿਰਤੀ ਦੇ ਧਾਰਨੀ ਸਨ, ਆਪ ਜੀ ਕੋਲ ਜੋ ਲੋੜਵੰਦ ਆਉਂਦਾ ਜਾਂ ਲੋੜਵੰਦ ਵੇਖਦੇ, ਜੋ ਕੁਛ ਵੀ ਆਪ ਪਾਸ ਮਾਇਆ ਜਾਂ ਬਸਤਰ ਹੁੰਦਾ ਉਸਨੂੰ ਦੇ ਦਿੰਦੇ।

ਆਪ ਜੀ ਦਾ ਪਹਿਲਾ ਨਾਉਂ ਤਿਆਗ ਮੱਲ ਸੀ। ਇੱਕ ਸਮੇਂ ਫਗਵਾੜੇ ਪਾਸ ਪਲਾਹੀ ਦੇ ਅਸਥਾਨ ਤੇ ਮੁਗਲਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉੱਤੇ ਅਚਾਨਕ ਹਮਲਾ ਬੋਲ ਦਿੱਤਾ। ਆਪ ਜੀ ਮੁਗਲ ਸਿਪਾਹੀਆਂ ਨਾਲ ਐਸੀ ਸੂਰਮਗਤੀ ਨਾਲ ਜੂਝੇ, ਆਪ ਦੀ ਤੇਗ ਨੇ ਮੁਗਲਾਂ ਨੂੰ ਭਾਜੜਾਂ ਪਾ ਦਿੱਤੀਆਂ। ਗੁਰੂ ਹਰਿਗੋਬਿੰਦ ਸਾਹਿਬ ਜੀ, ਆਪ ਦੀ ਬਹਾਦਰੀ ਵੇਖ ਕੇ ਪ੍ਰਸੰਨ ਹੋਏ ਤੇ ਫੁਰਮਾਇਆ, ਤੁਸੀਂ ਤਿਆਗ ਮੱਲ ਨਹੀਂ, ਤੁਸੀਂ ਤੇ ਤੇਗ ਬਹਾਦਰ ਹੋ। ਉਸ ਸਮੇਂ ਤੋਂ ਆਪ ਜੀ ਦਾ ਨਾਮ ਤੇਗ ਬਹਾਦਰ ਪ੍ਰਚਲਤ ਹੋ ਗਿਆ।

ਆਪ ਜੀ ਨੇ ਸਾਰੀ ਆਯੂ ਉਹ ਹੀ ਉਪਦੇਸ਼ ਦਿੱਤਾ, ਜਿਸ ਦੀ ਆਪ ਜੀ ਨੇ ਆਪਣੇ ਜੀਵਨ ਵਿੱਚ ਕਮਾਈ ਕੀਤੀ। ਆਪਣੇ ਬਚਪਨ ਦੇ ਇੱਕ ਸਾਥੀ ਨੂੰ ਉਨਾਂ ਚਿਰ ਗੁੜ ਛੱਡਣ ਲਈ ਨਹੀਂ ਕਿਹਾ, ਜਿੰਨਾਂ ਚਿਰ ਆਪ ਨੇ ਖੁਦ ਗੁੜ ਖਾਣਾ ਨਹੀਂ ਛੱਡ ਦਿੱਤਾ।

ਤੇਰਾਂ ਸਾਲ ਦੀ ਉਮਰ ਵਿੱਚ ਆਪ ਦਾ ਵਿਆਹ ਭਾਈ ਲਾਲ ਚੰਦ, ਕਰਤਾਰਪੁਰ (ਜਲੰਧਰ) ਨਿਵਾਸੀ ਦੀ ਪੁੱਤਰੀ (ਮਾਤਾ) ਗੁਜਰੀ ਜੀ ਨਾਲ ਹੋਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾ ਗੱਦੀ ਦੀ ਸੌਂਪਣਾ, ਜਦੋਂ ਗੁਰੂ ਹਰਿ ਰਾਇ ਜੀ ਨੂੰ ਕਰ ਦਿੱਤੀ ਤਾਂ ਆਪ ਜੀ ਨੂੰ ਸਤਿਗੁਰੂ ਜੀ ਨੇ ਬਾਬੇ ਬਕਾਲੇ ਜਾ ਕੇ ਰਹਿਣ ਲਈ ਹੁਕਮ ਕਰ ਦਿੱਤਾ। ਆਪ ਜੀ, ਮਾਤਾ ਨਾਨਕੀ ਜੀ ਅਤੇ ਸ੍ਰੀ ਗੁਜਰੀ ਜੀ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਕਾਲੇ ਨੂੰ ਜਾਣ ਲੱਗਿਆਂ ਆਪ ਜੀ ਨੂੰ ਇੱਕ ਕਟਾਰ ਅਤੇ ਪੋਥੀ ਬਖਸ਼ੀ ਅਤੇ ਹੁਕਮ ਕੀਤਾ ਸਮੇਂ ਨਾਲ ਗੁਰਤਾ ਗੱਦੀ ਤੁਹਾਡੇ ਹੀ ਘਰ ਆ ਜਾਵੇਗੀ।

ਆਪ ਜੀ ਨੇ ਬਕਾਲੇ ਜਾ ਕੇ ਧਰਤੀ ਵਿੱਚ ਭੋਰਾ ਪੁੱਟ ਲਿਆ। ਉਸ ਵਿੱਚ ਬੈਠ 26 ਸਾਲ 9 ਮਹੀਨੇ 13 ਦਿਨ ਐਸੀ ਪ੍ਰਭੂ ਸਿਮਰਨ ਦੀ ਅਤੁੱਟ ਕਮਾਈ ਕੀਤੀ ਜਿਸਦੀ ਮਿਸਾਲ ਕਿਧਰੇ ਢੂੰਡਿਆਂ ਵੀ ਨਹੀਂ ਮਿਲਦੀ।

ਜਦੋਂ ਦਿੱਲੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਰੀਰ ਅਲੋਪ ਕਰਨ ਤੋਂ ਪਹਿਲਾਂ ਤਿੰਨ ਵਾਰੀ ਗੋਲਾਕਾਰ ਹੱਥ ਘੁੰਮਾਇਆ ਅਤੇ ਹੁਕਮ ਕੀਤਾ 'ਬਾਬਾ ਬਕਾਲੇ' ਅਤੇ

ਨਾਲ ਹੀ ਸੀਸ ਝੁਕਾਇਆ। ਇਧਰ ਬਾਬੇ ਬਕਾਲੇ ਸੋਢੀਆਂ ਨੇ ਆਪਣੇ ਆਪ ਨੂੰ ਗੁਰੂ ਪ੍ਰਗਟ ਕਰਨ ਲਈ 22 ਮੰਜੀਆਂ ਲਾ ਲਈਆਂ ਅਤੇ ਆਪੋ-ਆਪਣੇ ਮਸੰਦਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਲੱਗ ਪਏ।

ਭਾਈ ਮੱਖਣ ਸ਼ਾਹ ਜੋ ਬਹੁਤ ਵੱਡਾ ਵਧਾਰੀ ਸੀ, ਉਸ ਦਾ ਮਾਲ ਨਾਲ ਲੱਦਿਆ ਜਹਾਜ ਸੂਰਤ ਦੀ ਬੰਦਰਗਾਹ ਉੱਤੇ ਬਰੇਤੀ ਵਿੱਚ ਫਸ ਗਿਆ। ਸਾਰੇ ਹੀਲੇ ਕਰਨ ਉਪਰੰਤ ਵੀ ਕਿਨਾਰੇ ਨਾ ਲੱਗਾ। ਉਸਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਧਿਆਨ ਧਰ ਕੇ ਦਸਵੰਧ ਅਤੇ 500 ਮੋਹਰ ਦੀ ਸੁੱਖਣਾ ਕੀਤੀ। ਗੁਰੂ ਮਿਹਰ ਨਾਲ ਬੇੜਾ ਕਿਨਾਰੇ ਲੱਗ ਗਿਆ। ਮਾਲ ਵੇਚਣ ਉਪਰੰਤ ਮੱਖਣ ਸ਼ਾਹ ਦਸਵੰਧ ਅਤੇ ਸੁੱਖਣਾ ਦੀ ਮਾਇਆ ਲੈ ਕੇ ਦਿੱਲੀ ਪੁੱਜਾ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਅਤੇ ਉਨ੍ਹਾਂ ਵੱਲੋਂ ਗੁਰੂ ਦਾ ਬਾਬੇ ਬਕਾਲੇ ਇਸ਼ਾਰਾ ਸੁਣ ਕੇ ਭਾਈ ਮੱਖਣ ਸ਼ਾਹ ਬਾਬੇ ਬਕਾਲੇ ਪੁੱਜਾ। ਉਥੇ 22 ਗੁਰੂ ਵੇਖ ਕੇ ਉਸਦਾ ਚਿੱਤ ਡਾਵਾਂਡੋਲ ਹੋ ਗਿਆ। ਸੱਚੇ ਗੁਰਾਂ ਦੀ ਪਰਖ ਕਰਨ ਵਾਸਤੇ ਉਹ ਸਾਰਿਆਂ ਮੋਹਰੇ ਦੌ-ਦੌ ਮੋਹਰਾਂ ਰੱਖ ਕੇ ਮੱਥਾ ਟੇਕੀ ਗਿਆ ਪਰ ਕਿਸੇ ਵਲੋਂ ਵੀ ਮਨ ਦੀ ਨਿਸ਼ਾ ਨਾ ਹੋਈ। ਅਖੀਰ ਪਤਾ ਕਰਕੇ ਭੋਰੇ ਦੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਪੁੱਜਾ। ਉਥੇ ਵੀ ਮੱਖਣ ਸ਼ਾਹ ਨੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਪਰ ਜਾਣੀ-ਜਾਣ ਸੱਚੇ ਗੁਰੂ ਨੇ ਮੱਖਣ ਸ਼ਾਹ ਨੂੰ ਸੰਬੋਧਨ ਕਰਕੇ ਫੁਰਮਾਇਆ ਮੱਖਣ ਸ਼ਾਹ। ਸੁੱਖਣਾ ਤਾਂ ਪੰਜ ਸੌ ਮੋਹਰ ਤੇ ਦਸਵੰਧ ਦੀ ਸੀ, ਪਰ ਅਰਪਣ ਦੋ ਕਰ ਰਿਹਾ ਹੈ। ਸਤਿਗੁਰੂ ਦੇ ਬਚਨ ਸੁਣ ਕੇ ਮੱਖਣ ਸ਼ਾਹ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਖ਼ਿਮਾਂ ਮੰਗੀ ਅਤੇ ਦਸਵੰਧ ਅਤੇ ਸੁੱਖਣਾ ਦੀ ਸਾਰੀ ਮਾਇਆ ਗੁਰੂ ਚਰਨਾਂ ਵਿੱਚ ਅਰਪਣ ਕਰ ਉੱਚੀ-ਉੱਚੀ ਪੁਕਾਰਦਾ ਕੋਠੇ ਤੇ ਚੜ੍ਹ ਕੇ ਪਲੂ ਫੇਰਨ ਲੱਗ ਪਿਆ :-

**ਭੁਲੀਏ ਸੰਗਤਿ ਸੁਨਹੁ ਸਕਾਨ ॥ਸਤਿਗੁਰ ਲਧਾ ਮਰਦ ਮਹਾਨ ॥**
**ਗੁਰੂ ਲਾਧੋ ਰੇ ॥ ਗੁਰੂ ਲਾਧੋ ਰੇ ॥**

ਜਦੋਂ ਸਾਰੀ ਸੱਚਾਈ ਸੰਗਤਾਂ ਦੇ ਸਾਹਮਣੇ ਪ੍ਰਗਟ ਹੋ ਗਈ, ਉਸੇ ਵੇਲੇ ਗੁਰੂ ਦਰਸ਼ਨਾਂ ਦੀ ਪਿਆਸੀ ਸਾਰੀ ਸੰਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਉਮਡ ਪਈ ਅਤੇ ਦੀਵਾਨ ਸੱਜ ਗਿਆ।

ਉਧਰ ਧੀਰਮਲ ਨੇ ਸ਼ੀਹੋਂ ਮਸੰਦ ਨੂੰ ਕਹਿ ਕੇ ਆਪ ਜੀ ਦੇ ਸਰੀਰ ਨੂੰ ਨੁਕਸਾਨ ਪਹੁੰਚਾਉਣ ਲਈ ਗੋਲੀ ਵੀ ਚਲਾਈ ਪਰ ਆਪ ਜੀ ਵਾਲ-ਵਾਲ ਬਚ ਗਏ। ਫਿਰ ਵੀ ਧੀਰਮਲ ਦੇ ਮਨ ਦੀ ਈਰਖਾਲੂ ਅਗਨੀ ਸ਼ਾਂਤ ਨਾ ਹੋਈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਦਾ ਸਾਰਾ ਸਮਾਨ ਮਸੰਦਾ ਨੂੰ ਨਾਲ ਲੈ ਕੇ ਲੁੱਟ ਲਿਆ ਪਰ ਧੀਰਜ ਮੋਰਾਣ (ਪਰਬਤ), ਖਿਮਾਂ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੋਰ ਜਿੰਨਾ ਵੀ ਬੁਰਾ ਨਾ ਮਨਾਇਆ।

ਜਦੋਂ ਮੱਖਣ ਸ਼ਾਹ ਨੂੰ ਇਸ ਘਟਨਾ ਦਾ ਪਤਾ ਲੱਗਾ, ਉਸ ਨੇ ਆਪਣੇ ਸਾਥੀਆਂ ਸਮੇਤ ਧੀਰਮਲ ਨੂੰ ਸਬਕ ਸਿਖਾਉਣ ਲਈ ਉਸ ਤੇ ਹੱਲਾ ਬੋਲ ਦਿੱਤਾ ਤੇ ਉਸ ਦਾ ਸਾਰਾ ਸਮਾਨ ਸਮੇਤ ਬੀੜ ਦੇ ਖੋਹ ਲਿਆਂਦਾ ਪਰ ਧੀਰਜ ਧੁੱਜਾ ਸਤਿਗੁਰੂ ਜੀ ਨੇ ਸਾਰਾ ਧੀਰਮਲ ਦਾ ਲੁੱਟਿਆ ਹੋਇਆ ਸਮਾਨ ਵਾਪਸ ਕਰ ਦਿੱਤਾ ਤੇ ਸੰਗਤ ਨੂੰ ਹੁਕਮ ਕੀਤਾ :

**ਕਰਣੀ ਛਿਮਾ ਮਹਾ ਤਪ ਜਾਣ ॥ ਛਿਮਾ ਸਕਲ ਤੀਰਥ ਇਸ਼ਨਾਨ ॥**
**ਬਦਲੇ ਨਹੀਂ ਲੈਣੇ, ਦਰਬ ਕੇ ਕਾਜ ਗੁਰੂ ਮਹਾਰਾਜ ਨੇ ਨਹੀਂ**
**ਇਹ ਬੈਠ ਦੁਕਾਨ ਪਾਈ ॥ ਗੁਰ ਬਿਲਾਸ ਪਾਤਸ਼ਾਹੀ ੧੦**

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਕਾਲੇ ਤੋਂ ਕੂਚ ਕਰਨਾ ਹੀ ਮੁਨਾਸਿਬ ਸਮਝਿਆ । ਆਪ ਜੀ ਅੰਮ੍ਰਿਤਸਰ, ਤਲਵੰਡੀ ਸਾਬੋ, ਧਮਧਾਣ, ਕੀਰਤਪੁਰ ਸਾਹਿਬ ਆਏ । ਇਥੋਂ ਸਤਲੁਜ ਦਰਿਆ ਦੇ ਕਿਨਾਰੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਪਿੰਡ ਮਾਖੋਵਾਲ ਦੀ ਸਾਰੀ ਜਮੀਨ 2200/- ਰੁਪਏ ਵਿੱਚ ਖਰੀਦ ਕੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਦਾ ਟੱਕ 19 ਜੂਨ, 1665 ਈ. ਨੂੰ ਲਾਇਆ ।

ਆਪ ਜੀ ਨੇ ਗੁਰਸਿੱਖੀ ਪ੍ਰਚਾਰ ਲਈ ਉਚੇਚਾ ਧਿਆਨ ਦਿੱਤਾ । ਆਪ ਜੀ ਇਸੇ ਪ੍ਰਚਾਰ ਦੀ ਖਾਤਰ ਅਨੰਦਪੁਰ ਸਾਹਿਬ ਤੋਂ ਘਨੌਲੀ, ਬਹਾਦਰਗੜ੍ਹ, ਨੌਲੱਖਾ, ਬਛੋਆਹਣਾ, ਸੰਘੇੜੀ, ਧਮਧਾਣ, ਕੁਰੂਕਸ਼ੇਤਰ ਬਾਂਗਰ ਦੇਸ਼ ਲੰਘ ਮਥੁਰਾ ਪੁੱਜੇ । ਇਥੋਂ ਸੰਗਤਾਂ ਨੂੰ ਗੁਰੂ ਉਪਦੇਸ਼ ਦ੍ਰਿੜ੍ਹ ਕਰਾਉਂਦੇ ਆਪ ਜੀ ਕਾਨਪੁਰ, ਅਲਾਹਾਬਾਦ ਹੁੰਦੇ ਪਟਨਾ ਸਾਹਿਬ ਪੁੱਜੇ । ਮਾਤਾ ਗੁਜਰੀ ਜੀ ਅਤੇ ਪਰਿਵਾਰ ਨੂੰ ਸਾਲਸ ਰਾਏ ਜੌਹਰੀ ਦੀ ਹਵੇਲੀ ਟਿਕਾਣਾ ਕਰਵਾ ਕੇ ਆਪ ਜੀ ਨੇ ਢਾਕਾ, ਅਸਾਮ, ਬੰਗਾਲ ਵਿੱਚ ਗੁਰਸਿੱਖੀ ਪ੍ਰਚਾਰ ਕਰਨ ਹਿੱਤ ਅੱਗੇ ਨੂੰ ਕੂਚ ਕੀਤਾ ।

ਜਗਿਆਸੂਆਂ ਵੱਲੋਂ ਪ੍ਰਭੂ ਭਗਤੀ ਦੀ ਪੁੱਛ ਦੇ ਉੱਤਰ ਵਿੱਚ ਆਪ ਜੀ ਨੇ ਫੁਰਮਾਇਆ ਕਿ ਹਰ ਉਸ ਚੀਜ਼ ਵੱਲੋਂ ਚਿੱਤ ਨੂੰ ਹਟਾਉਣਾ ਚਾਹੀਦਾ ਹੈ, ਜਿਹੜੀ ਵਾਹਿਗੁਰੂ ਨਾਲ ਚਿੱਤ ਜੋੜਨ ਲਈ ਰੁਕਾਵਟ ਬਣਦੀ ਹੈ । ਦੂਸਰਾ ਅਸਲੀ ਭਗਤੀ ਇਹ ਹੈ ਕਿ ਪ੍ਰਭੂ ਨਾਲ ਇੰਨਾ ਸਨੇਹ ਬਣ ਜਾਵੇ ਕਿ ਬਾਕੀ ਸਭ ਕੁਝ ਭੁੱਲ ਹੀ ਜਾਵੇ । ਆਪ ਜੀ ਨੇ ਆਪਣੇ ਮੁਖਾਰਬਿੰਦ ਤੋਂ 116 ਸ਼ਬਦ ਅਤੇ ਸ਼ਲੋਕਾਂ ਦੀ ਰਚਨਾ ਕੀਤੀ । ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਵਿੱਚ ਅੰਕਿਤ ਕਰਕੇ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਮੌਜੂਦਾ ਰੂਪ ਦਿੱਤਾ ।

ਧੰਨੇ ਨਾਮ ਦੇ ਜਗਿਆਸੂ ਨੂੰ ਜੋ ਪ੍ਰਭੂ ਪ੍ਰਾਪਤੀ ਲਈ ਜੰਗਲ ਵੱਲ ਸਨਿਆਸੀ ਬਣਕੇ ਜਾ ਰਿਹਾ ਸੀ, ਸਤਿਗੁਰੂ ਜੀ ਨੇ ਘਰ ਰਹਿ ਕੇ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਅਤੇ ਉਸ ਨੂੰ ਵਾਹਿਗੁਰੂ ਦੀ ਲਖਤਾ ਉਸ ਦੇ ਅੰਦਰ ਹੀ ਦ੍ਰਿੜ੍ਹ ਕਰਾਈ । ਆਪ ਜੀ ਨੇ ਗੁਰਬਾਣੀ ਉਚਾਰ ਕੇ ਉਸ ਨੂੰ ਸੇਧ ਬਖਸ਼ੀ :-

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥**

**ਧਨਾਸਰੀ (ਮਃ ੯) - ਅੰਗ ੬੮੪**

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥

ਧਨਾਸਰੀ (ਮਃ ੯) – ਅੰਗ ੬੮੪

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥

ਧਨਾਸਰੀ (ਮਃ ੯) – ਅੰਗ ੬੮੪

ਮਨ ਕਿਉਂ ਨਹੀਂ ਟਿਕਦਾ ? ਪ੍ਰਸ਼ਨ ਦੇ ਉੱਤਰ ਵਿੱਚ ਆਪ ਜੀ ਨੇ ਮਨ ਦੇ ਖਿੰਡਾਉ ਦਾ ਮੂਲ ਕਾਰਣ ਤ੍ਰਿਸ਼ਨਾ ਨੂੰ ਹੀ ਦਰਸਾਇਆ :–

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥

– ਗਉੜੀ (ਮਃ ੯) – ਅੰਗ ੨੧੯

ਸੁੱਖ ਦੀ ਪ੍ਰਾਪਤੀ ਨਾਮ ਸਿਮਰਨ ਦੁਆਰਾ ਦਰਸਾਈ:–

ਹਰਿ ਕੋ ਨਾਮੁ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ਹਰਾਉ

ਮਾਰੂ ਮਹਲਾ ੯, ਪੰਨਾ ੧੦੦੮

ਤਥਾ–

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥

ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੬

ਜੋਗੀ ਮਲੂਕ ਦਾਸ ਦੇ ਸਦੀਵੀ ਦਰਸ਼ਨ ਪ੍ਰਾਪਤੀ ਅਤੇ ਸਦੀਵੀ ਸ਼ਾਂਤੀ ਲਈ ਬੇਨਤੀ ਕਰਨ ਤੇ ਆਪ ਜੀ ਨੇ ਫੁਰਮਾਇਆ, **"ਗੁਰਬਾਣੀ ਪੜ੍ਹਨ ਨਾਲ ਦਰਸ਼ਨ ਪ੍ਰਾਪਤ ਹੋਣਗੇ। ਸ਼ਾਂਤੀ ਸਿਮਰਨ ਦੁਆਰਾ ਮਿਲੇਗੀ॥"**

ਸੰਸਾਰ ਦੀ ਨਾਸ਼ਮਾਨਤਾ ਦਰਸਾਉਂਦੇ ਗੁਰੂ ਤੇਗ ਬਹਾਦਰ ਜੀ ਨੇ ਦੁਨੀਆਂ ਨੂੰ ਪਾਣੀ ਦਾ ਬੁਲਬੁਲਾ, ਰੇਤ ਦੀ ਕੰਧ ਅਤੇ ਸੁਪਨੇ ਦੇ ਉਪਮਾਨ ਵਰਤ ਕੇ ਅਸਲੀਅਤ ਦ੍ਰਿੜ੍ਹ ਕਰਾਈ ਹੈ:–

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥

ਸਲੋਕ ਵਾਰਾਂ ਤੇ ਵਧੀਕ (ਮਃ ੯)– ਅੰਗ ੧੪੨੭

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥

ਸਲੋਕ ਵਾਰਾਂ ਤੇ ਵਧੀਕ (ਮਃ ੯)– ਅੰਗ ੧੪੨੯

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੭

ਮਨੁੱਖਾ ਜਨਮ ਬਹੁਤ ਕੀਮਤੀ ਹੈ । ਇਸ ਨਾਲ ਪ੍ਰਮੇਸ਼ਰ ਦਾ ਭਜਨ ਕਰਕੇ ਮਾਣਸ ਜਨਮ ਨੂੰ ਸਫਲਾ ਕਰ ਲੈਣਾ ਚਾਹੀਦਾ ਹੈ:-

**ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕੁ ਪਾਇਓ**

**ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥ ਗਉੜੀ (ਮਃ ੯)-ਅੰਗ ੨੧੯**

ਸਾਰਾ ਕੁਝ ਪ੍ਰਭੂ ਮਾਲਕ ਦੇ ਹੀ ਹੱਥ ਹੈ । ਉਹ ਸਰਬ ਸਮਰੱਥਾ ਦਾ ਮਾਲਕ ਹੈ । ਭਿਖਾਰੀਆਂ ਨੂੰ ਰਾਜੇ ਅਤੇ ਰਾਜਿਆਂ ਨੂੰ ਭਿਖਾਰੀ, ਭਰਿਆਂ ਨੂੰ ਖ਼ਾਲੀ ਤੇ ਖ਼ਾਲੀਆਂ ਨੂੰ ਭਰਨਾ ਉਸ ਲਈ ਇੱਕ ਛਿੰਨ ਦਾ ਕੰਮ ਹੈ:-

**ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥ ਅੰਗ ੫੩੭**

ਸੰਸਾਰ ਦੇ ਸਨਬੰਧੀਆਂ ਦੀ ਅਸਲੀਅਤ ਦਰਸਾਉਂਦੇ ਆਪ ਜੀ ਫੁਰਮਾਉਂਦੇ ਹਨ, ਕਿ ਸਾਰੇ ਸੱਜਣ ਮਿੱਤਰ, ਰਿਸ਼ਤੇਦਾਰ ਆਪਣੇ ਸੁੱਖ ਅਤੇ ਗਰਜਾਂ ਲਈ ਹੀ ਪਿਆਰ ਕਰਦੇ ਹਨ । ਜਦੋਂ ਗਰਜ ਪੂਰੀ ਨਹੀਂ ਹੁੰਦੀ ਰਿਸ਼ਤਾ ਅਤੇ ਦੋਸਤੀ ਤੋੜ ਲੈਂਦੇ ਹਨ । ਕੋਈ ਕਿਸੇ ਦਾ ਨਹੀਂ ਬਣਦਾ ਇਹ ਤਾਂ:-

**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**
**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥**
**ਸੋਰਠਿ (ਮਃ ੯) - ਅੰਗ ੬੩੩**

ਤਥਾ-

**ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥**
**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ ॥**
**ਸੋਰਠਿ (ਮਃ ੯) - ਅੰਗ ੬੩੪**

ਮਨੁੱਖ ਲਈ ਮਾਇਕੀ ਨੀਂਦ ਤੋਂ ਜਾਗਣਾ ਬਹੁਤ ਜ਼ਰੂਰੀ ਹੈ । ਅਗਿਆਨ ਭਰਮ ਦੀ ਨੀਂਦ ਤੋਂ ਜਾਗਣ ਲਈ ਪ੍ਰਭੂ ਸਿਮਰਨ ਲਾਜ਼ਮੀ ਹੈ:-

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥**
**ਤਿਲੰਗ (ਮਃ ੯) - ਅੰਗ ੭੨੬**

ਅਸਲੀ ਗਿਆਨੀ ਕੌਣ ਹੈ ? ਜਿਹੜਾ ਨਾ ਕਿਸੇ ਨੂੰ ਭੈ ਦੇਵੇ ਅਤੇ ਨਾ ਹੀ ਆਪ ਕਿਸੇ ਦੇ ਡਰ ਅਧੀਨ ਜੀਵਨ ਬਤੀਤ ਕਰੇ, ਐਸਾ ਸੁਤੰਤਰ ਜ਼ਮੀਰ ਵਾਲਾ ਅਸਲੀ ਗਿਆਨੀ ਹੈ । ਆਪ ਦਾ ਫੁਰਮਾਨ ਹੈ:-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**
**ਸਲੋਕ ਵਾਰਾਂ ਤੇ ਵਧੀਕ (ਮਃ ੯) - ਅੰਗ ੧੪੨੭**

ਆਪ ਜੀ ਦੀ ਦ੍ਰਿਸ਼ਟੀ ਵਿੱਚ ਜਿਹੜਾ ਮਨੁੱਖ ਦਿਨ-ਰਾਤ ਪ੍ਰਭੂ ਚਿੰਤਨ ਕਰਦਾ ਹੈ, ਉਸ ਵਿੱਚ ਅਤੇ ਪ੍ਰਮਾਤਮਾ ਵਿੱਚ ਭੋਰਾ ਜਿੰਨਾ ਵੀ ਫਰਕ ਨਹੀਂ, ਉਹ ਪ੍ਰਮਾਤਮਾ ਦਾ ਰੂਪ ਹੀ ਹੁੰਦਾ ਹੈ:-

**ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥**
**ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥**
**ਸਲੋਕ ਵਾਰਾਂ ਤੇ ਵਧੀਕ (ਮਃ ੯) - ਅੰਗ ੧੪੨੮**

ਅਸਲੀ ਜੀਵਨ ਦਾ ਰਾਜ ਉਸ ਵੇਲੇ ਹੀ ਖੁੱਲਦਾ ਹੈ ਜਦੋਂ ਗੁਰੂ ਮਿਹਰ ਅਤੇ ਨਾਮ ਸਿਮਰਨ ਨਾਲ ਸਮਤਾ ਵਾਲੀ ਬਿਰਤੀ ਬਣ ਜਾਂਦੀ ਹੈ ਇਹ ਅਵਸਥਾ ਹੈ ਬਹੁਤ ਕਠਿਨ:-

**ਸੋਰਠਿ ਮਹਲਾ ੯ ॥**

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**
**ਸੋਰਠਿ (ਮਃ ੯) - ਅੰਗ ੬੩੩**

ਸੰਸਾਰ ਨੂੰ ਸ਼ਾਤੀ ਦਾ ਉਪਦੇਸ਼ ਦਿੰਦੇ ਆਪ ਜੀ ਅਸਾਮ ਵਿੱਚ ਵਿਚਰ ਰਹੇ ਸਨ। ਆਪ ਜੀ ਦੇ ਗ੍ਰਿਹਿ ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 22 ਦਸੰਬਰ, 1666 ਈ. ਨੂੰ ਹੋਇਆ। ਆਪ ਜੀ ਅਸਾਮ ਤੋਂ ਪਟਨੇ ਪੁੱਜੇ, ਗੋਬਿੰਦ ਰਾਏ ਜੀ ਨੂੰ ਮਿਲ ਕੇ ਪੰਜਾਬ ਅਨੰਦਪੁਰ ਸਾਹਿਬ ਆ ਗਏ।

ਇਸੇ ਸਮੇਂ ਔਰੰਗਜੇਬ ਨੇ ਆਪਣੇ ਜਬਰ ਦਾ ਕੁਹਾੜਾ ਹਿੰਦੂਆਂ ਦੇ ਧਰਮ ਨੂੰ ਮੇਟਣ ਲਈ ਚਲਾਉਣਾ ਸ਼ੁਰੂ ਕਰ ਦਿੱਤਾ ਹੋਇਆ ਸੀ। ਇੱਕ ਪਾਸੇ ਜਬਰੀ ਮੰਦਰ ਢਾਹੇ ਜਾ ਰਹੇ ਸਨ, ਦੂਜੇ ਪਾਸੇ ਹਿੰਦੂਆਂ ਤੇ ਜਜੀਆ ਲੱਗਾ ਦਿੱਤਾ। ਧਾਰਮਿਕ ਮੇਲਿਆਂ ਤੇ ਪਾਬੰਦੀ ਅਤੇ ਇਸਲਾਮ ਵਿੱਚ ਲਿਆਉਣ ਲਈ ਲਾਲਚਾਂ ਦਾ ਦੌਰ ਚਲਾ ਦਿੱਤਾ।

ਕਸ਼ਮੀਰੀ ਪੰਡਿਤਾਂ ਨੇ ਇਕੱਤਰ ਹੋ ਕੇ ਸ਼ਿਵ ਮੰਦਿਰ ਅਮਰਨਾਥ ਦੀ ਗੁਫਾ ਵਿੱਚ ਸ਼ਿਵ ਜੀ ਦੀ ਅਰਾਧਨਾ ਕੀਤੀ। ਅਕਾਸ਼ ਬਾਣੀ ਹੋਈ ਕਿ ਤੁਸੀਂ ਪੰਜਾਬ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਜਾਵੋ, ਉਹ ਤੁਹਾਡੀ ਬਾਂਹ ਫੜਨਗੇ। ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ 500 ਬ੍ਰਾਹਮਣਾਂ ਦਾ ਵਫ਼ਦ ਅਨੰਦਪੁਰ ਸਾਹਿਬ ਪੁੱਜਿਆ ਅਤੇ ਧਰਮ ਰੱਖਿਆ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ, ਕਿ ਜਾਉ ਸ਼ਾਹ ਨੂੰ ਕਹਿ ਦਿਉ ਕਿ ਸਾਡੇ ਆਗੂ ਗੁਰੂ ਤੇਗ ਬਹਾਦਰ ਜੀ

ਹਨ, ਜੇ ਤੁਸੀ ਉਨ੍ਹਾਂ ਨੂੰ ਦੀਨ ਇਸਲਾਮ ਵਿੱਚ ਲੈ ਆਵੋ ਤਾਂ ਅਸੀਂ ਸਾਰੇ ਇਸਲਾਮ ਦੇ ਧਾਰਨੀ ਬਣ ਜਾਵਾਂਗੇ ।

ਆਪ ਜੀ '**ਬਾਂਹ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ**' ਦੇ ਬਚਨ ਨੂੰ ਪੂਰਾ ਕਰਨ ਵਾਸਤੇ ਆਨੰਦਪੁਰ ਸਾਹਿਬ ਤੋਂ ਦਿੱਲੀ ਨੂੰ ਚੱਲ ਪਏ । ਆਪ ਜੀ ਸਮਾਣਾ, ਕੈਂਥਲ, ਲਖਣਮਜਾਰਾ ਹੁੰਦੇ ਆਗਰੇ ਪੁੱਜੇ । ਉੱਥੋਂ ਆਪ ਜੀ ਨੂੰ ਮੁਗਲ ਸਿਪਾਹੀ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਗਏ । ਆਪ ਜੀ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਜੀ ਨੇ ਵੀ ਗ੍ਰਿਫਤਾਰੀ ਦਿੱਤੀ । ਤਿੰਨ ਸਿੱਖ ਭਾਈ ਜੈਤਾ, ਭਾਈ ਗੁਰਦਿਤਾ ਤੇ ਭਾਈ ਊਦਾ ਜੀ ਨੂੰ ਸਤਿਗੁਰਾਂ ਪਹਿਲਾਂ ਹੀ ਆਪਣੇ ਤੋਂ ਜੁਦਾ ਕਰ ਦਿੱਤਾ ਸੀ ।

ਆਪ ਜੀ ਦੇ ਅੱਗੇ ਤਿੰਨ ਸ਼ਰਤਾਂ ਰੱਖੀਆਂ, ਮੁਸਲਮਾਨ ਬਣੋ ਜਾਂ ਕਰਾਮਾਤ ਦਿਖਾਉ ਜਾਂ ਸ਼ਹੀਦ ਹੋਣਾ ਪ੍ਰਵਾਨ ਕਰੋ । ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ, ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਅੱਗ ਲਗਾ ਕੇ ਅਤੇ ਭਾਈ ਦਿਆਲ ਦਾਸ ਜੀ ਨੂੰ ਦੇਗ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ । ਆਪ ਜੀ ਅਡੋਲ ਚਿੱਤ:-

**ਚਿਤ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗਿ ਜੋੜੀਐ ॥**

**ਅਤੇ-**

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਸਲੋਕ ਮ: ੯, ਪੰਨਾ ੧੪੨੭**

ਦੇ ਸੋਹਿਲੇ ਗਾਉਂਦੇ 11 ਨਵੰਬਰ, 1675 ਈ. ਨੂੰ ਚਾਂਦਨੀ ਚੌਕ ਦਿੱਲੀ ਵਿਖੇ ਸ਼ਹਾਦਤ ਪ੍ਰਾਪਤ ਕਰ ਗਏ ।

ਆਪ ਜੀ ਦਾ ਸੀਸ ਭਾਈ ਜੈਤਾ ਜੀ ਨੇ ਸੰਭਾਲ ਲਿਆ ਅਤੇ ਪੰਜਵੇਂ ਦਿਨ ਅਨੰਦਪੁਰ ਸਾਹਿਬ ਪਹੁੰਚਾ ਦਿੱਤਾ । ਜਿੱਥੇ ਸਤਿਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਕੀਤਾ ਗਿਆ ਉੱਥੇ ਗੁਰਦੁਆਰਾ 'ਸੀਸ ਗੰਜ' (ਅਨੰਦਪੁਰ ਸਾਹਿਬ) ਸੁਸ਼ੋਭਤ ਹੈ । ਭਾਈ ਲੱਖੀ ਸ਼ਾਹ ਨੇ ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ ਨਾਲ ਮਿਲ ਕੇ ਸਰੀਰ ਦੀ ਸੰਭਾਲ ਕਰਕੇ ਆਪਣੇ ਘਰ ਪਹੁੰਚ ਸਤਿਗੁਰੂ ਜੀ ਦੇ ਸਰੀਰ ਨੂੰ ਚਿਖਾ ਉੱਤੇ ਰੱਖ ਆਪਣੇ ਘਰ ਨੂੰ ਅੱਗ ਲਗਾ ਦਿੱਤੀ, ਜਿਸ ਥਾਂ ਹੁਣ ਗੁਰਦੁਆਰਾ ਰਕਾਬ ਗੰਜ਼ (ਦਿੱਲੀ) ਸੁਸ਼ੋਭਤ ਹੈ ।

ਇਸ ਵਚਿੱਤਰ, ਅਨੋਖੀ ਸ਼ਹਾਦਤ ਪ੍ਰਥਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤੀ ਜੀ ਨੇ ਬੜਾ ਸੁੰਦਰ ਲਿਖਿਆ ਹੈ:-

**ਪ੍ਰਗਟ ਭਏ ਗੁਰੂ ਤੇਗ ਬਹਾਦਰ ॥ ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ ॥**
**ਕਰਮ ਧਰਮ ਕੀ ਜਿਨਿ ਪਤਿ ਰਾਖੀ ॥ ਅਟਲ ਕਰੀ ਕਲਜੁਗ ਮੈ ਸਾਖੀ ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖਾਰਬਿੰਦ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਵਰਣਨ ਅੱਗੇ ਲਿਖੇ ਦੋਹਰਿਆਂ ਵਿੱਚ ਇਸ ਪ੍ਰਕਾਰ ਕੀਤਾ ਹੈ:-

ਤਿਲਕ ਜੰਞੂ ਰਾਖਾ ਪ੍ਰਭੂ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥੧੩॥

ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰੁ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥੧੫॥ –
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥੧੬॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਲਈ ਜਾਣ ਤੋਂ ਪਹਿਲਾਂ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਦਿੱਤੀ ਸੀ, ਜਿਨ੍ਹਾਂ ਦੀ ਉਮਰ ਅਜੇ ਨੌਂ ਸਾਲ ਦੀ ਹੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਜੀ ਦੀ ਗੁਰਤਾ ਗੱਦੀ ਜੁਗੋਂ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਜੋ ਸਦਾ ਵਾਸਤੇ ਜਗਿਆਸੂਆਂ ਨੂੰ ਪ੍ਰਭੂ ਨਾਲ ਜੁੜਨ ਲਈ ਪ੍ਰੇਰਨਾ ਦਿੰਦੇ ਰਹੇ, ਦੇ ਰਹੇ ਹਨ ਅਤੇ ਦਿੰਦੇ ਰਹਿਣਗੇ।

**ਧੰਨਵਾਦਿ ਸਾਹਿਤ ਵਿਚੋਂ:- ਗੁਰੂ ਗ੍ਰੰਥ ਸਾਹਿਬ ਦਰਸ਼ਨ**

## ਸ਼ਬਦ ਗੁਰੂ ਸੁਰਤਿ ਧੁਨਿ ਚੇਲਾ

ਪ੍ਰਿੰ. ਨਰਿੰਦਰ ਬੀਰ ਸਿੰਘ

ਮਨੁੱਖ ਨੂੰ ਸੰਸਾਰ ਵਿੱਚ ਉਨਤੀ ਕਰਨ ਲਈ ਕਿਸੇ ਨ ਕਿਸੇ ਗੁਰੂ (ਉਸਤਾਦ) ਦੀ ਲੋੜ ਰਹਿੰਦੀ ਹੈ। ਗੁਰੂ ਦਾ ਅਰਥ ਹੀ ਹੈ ਕਿ ਜੋ ਇਸ ਮਨੁੱਖ ਦੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰੇ ਅਤੇ ਇਸ ਨੂੰ ਗਿਆਨ ਪ੍ਰਕਾਸ਼ ਵਿਖਾ ਕੇ ਮਾਰਗ ਤੇ ਤੁਰਨ ਦੇ ਯੋਗ ਬਣਾਏ। ਸੰਸਾਰਕ ਉਨਤੀ ਲਈ ਇਸ ਮਨੁੱਖ ਨੂੰ ਸਮੇਂ ਸਮੇਂ ਵੱਖ ਵੱਖ ਗੁਰੂਆਂ ਦੀ ਸ਼ਰਣ ਲੈਣੀ ਪੈਂਦੀ ਹੈ। ਮਾਂ ਬਾਪ, ਭੈਣ ਭਰਾ, ਮਿੱਤਰ ਸੰਬੰਧੀ, ਸਕੂਲ ਦੇ ਅਧਿਆਪਕ ਅਤੇ ਵਪਾਰਕ ਜੀਵਨ ਵਿੱਚ ਅਨੇਕਾਂ ਹੋਰ। ਜਿਉਂ ਜਿਉਂ ਮਨੁੱਖ ਵਿਕਸਿਤ ਹੁੰਦਾ ਹੈ ਉਸਦੀ ਲਾਲਸਾ ਹੋਰ ਬੁਲੰਦੀਆਂ ਛੋਹਣ ਦੀ ਕਰਦੀ ਹੈ ਅਤੇ ਉਹ ਚੰਗੇ ਤੋਂ ਚੰਗੇ ਉਸਤਾਦ ਦੀ ਭਾਲ ਕਰਦਾ ਹੈ, ਉਸਨੂੰ ਆਪਣਾ ਗਿਆਨਦਾਤਾ ਸਮਝਦਾ ਹੈ।

ਜੋ ਸੰਸਾਰਕ (ਸਮਾਜਿਕ, ਆਰਥਿਕ, ਰਾਜਨੈਤਿਕ) ਉਨਤੀ ਲਈ ਜ਼ਰੂਰੀ ਹੈ ਉਹੀਂ ਧਾਰਮਿਕ ਦੁਨੀਆਂ ਵਿਚ ਵੀ ਲੋੜੀਂਦਾ ਹੈ। ਮਨੁੱਖ ਦੀ ਮੂਲ ਲੋੜ ਸੁਖ ਸ਼ਾਂਤੀ ਦੀ ਪ੍ਰਾਪਤੀ ਅਤੇ ਅੰਤ ਵਿੱਚ ਜਨਮ ਮਰਨ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਇਸ ਲਈ ਮਨੁੱਖ

ਸਮੇਂ ਸਮੇਂ ਤੇ ਆਪਣੇ ਅਕੀਦੇ ਅਨੁਸਾਰ ਗੁਰੂ ਧਾਰਣ ਕੀਤੇ ਅਤੇ ਉਨ੍ਹਾਂ ਦੇ ਰਾਹੀਂ ਦੱਸੇ ਮਾਰਗ ਤੇ ਤੁਰਨਾ ਅਰੰਭ ਕਰ ਦਿੱਤਾ। ਵੇਖਣ ਵਿਚ ਆਉਂਦਾ ਹੈ ਕਿ ਭਾਵੇਂ ਇਹ ਸਾਰੇ ਸਾਧਨ ਹੀ ਮਨੁੱਖ ਨੂੰ ਅਨੇਕਾਂ ਤਰ੍ਹਾਂ ਦੇ ਸਰੀਰਕ ਕਰਮਾ ਵਿੱਚ ਪਾਉਣ ਵਾਲੇ ਸਨ ਅਤੇ ਸਰੀਰ ਨੂੰ ਕਸ਼ਟ ਵਿਚ ਪਾਉਣ ਵਾਲੇ ਹਨ, ਪਰ ਮਨੁੱਖ ਨੇ ਉਨ੍ਹਾਂ ਸਾਧਨਾ ਨੂੰ ਜੀਵਨ ਦੇ ਸੁੱਖ ਅਤੇ ਮੁਕਤੀ ਦਾ ਤਰੀਕਾ ਮਨ ਲਿਆ। ਇਸ ਪ੍ਰਕਾਰ ਮਨੁੱਖ ਪ੍ਰਭੂ ਪ੍ਰਾਪਤੀ ਤੋਂ ਵਾਂਝਾ ਰਹਿ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਹੀ ਗੁਆ ਕੇ ਤੁਰ ਗਿਆ।

ਇਸ ਤੋਂ ਇਲਾਵਾ ਮਨੁੱਖ ਦੀ ਅਗਿਆਨਤਾ ਦੀ ਉੱਦੋਂ ਹੱਦ ਨਾ ਰਹੀ ਜਦੋਂ ਇਸਨੇ ਜਿਸ ਸਾਧਨ (ਸਰੀਰ) ਰਾਹੀਂ ਗਿਆਨ (ਪ੍ਰਕਾਸ਼) ਪ੍ਰਗਟ ਹੁੰਦਾ ਵੇਖਿਆ, ਉਸ ਸਾਧਨ ਨੂੰ ਹੀ ਗੁਰੂ ਮੰਨ ਲਿਆ ਰੱਬ ਮਨ ਲਿਆ, ਅਤੇ ਗਿਆਨ ਪ੍ਰਕਾਸ਼ ਤੋਂ ਵਾਂਝਾ ਰਹਿ ਗਿਆ ਜਦੋਂ ਫੁਰਮਾਨ ਹੈ:

**ਗਿਆਨ ਗੁਰੂ ਆਤਮ ਉਪਦੇਸੋ, ਨਾਮ ਬਿਭੂਤ ਲਗਾਵੋ ॥**

ਇਹ ਮਨੁੱਖ ਸਰੀਰ ਦੀ ਪੂਜਾ ਵਿੱਚ ਜੁਟ ਗਿਆ। ਉਸ ਸਰੀਰ ਦੀ ਮੌਤ ਤੋਂ ਬਾਅਦ ਉਸਦੀ ਕਬਰ, ਮੂਰਤੀ, ਫੋਟੋ ਆਦਿ ਵਿੱਚ ਕੈਦ ਹੋ ਗਿਆ ਅਤੇ ਉਸਨੂੰ ਹੀ ਰਬ ਸਮਝ ਬੈਠਾ।

ਉਪਰੋਕਤ ਹਾਲਾਤ ਦੇ ਕਾਰਨ ਹੀ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਸਿਧਾ ਨਾਲ ਚਰਚਾ ਹੋਈ ਤੇ ਉਨ੍ਹਾਂ ਪ੍ਰਸ਼ਨ ਕੀਤਾ :

**ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ਅੰਗ ੯੪੨**

ਪ੍ਰਸ਼ਨ ਬਹੁਤ ਗਹਿਰਾ ਹੈ। ਸਿਧ ਪੁੱਛਦੇ ਨੇ ਜੀਵਨ ਦਾ ਮੁੱਢ ਕੀ ਹੈ ਅਤੇ ਉਸ ਪ੍ਰਭੂ ਪਰਮਾਤਮਾ ਦੀ ਪ੍ਰਾਪਤੀ ਲਈ ਕਿਹੜੇ ਧਾਰਮਿਕ ਮਾਰਗਾਂ ਦਾ ਪ੍ਰਧਾਨਤਾ ਹੈ। ਤੁਹਾਡਾ ਗੁਰੂ ਕੌਣ ਹੈ ਜਿਸਦੇ ਤੁਸੀਂ ਚੇਲੇ ਹੋ ਕਿਉਂਕਿ ਉਸ ਸਮੇਂ ਦੇ ਧਾਰਮਿਕ ਮਨੁੱਖ ਦੀ ਮਾਨਸਿਕ ਹਾਲਤ ਇਹ ਸੀ:

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥ (੧੬੩)

ਗੁਰੂ ਤਾਂ ਸਰੀਰ ਤੱਕ ਹੀ ਸੀਮਿਤ ਹੋ ਗਿਆ ਸੀ।

ਪਰ ਗੁਰੂ ਨਾਨਕ ਪਾਤਸ਼ਾਹ ਦਾ ਗੁਰੂ ਉਨ੍ਹਾਂ ਦੇ ਸ਼ਬਦਾਂ ਵਿਚ ਸਰਬ ਵਿਆਪੀ, ਸਰਬ ਕਾਲੀ, ਘਟਿ ਘਟਿ ਵਿਚ ਰਮਿਆ ਅਕਾਲ ਪੁਰਖ਼ ਸੀ ਜਿਸ ਦੀ ਰੂਪ ਰੇਖਾ ਜਪੁ ਜੀ ਸਾਹਿਬ ਦੇ ਅਰੰਭ ਵਿਚ ਮੂਲ ਮੰਤਰ ਰਾਹੀਂ ਪ੍ਰਗਟ ਕੀਤੀ ਤੇ ਉਹ ਪਰਮਾਤਮਾ ਤੇ ਸ਼ਬਦ ਰੂਪ ਹੋ ਕੇ ਵਰਤ ਰਿਹਾ ਸੀ। ਸ਼ਬਦ (ਹੁਕਮ) ਹੀ ਸੀ ਜਿਸ ਰਾਹੀਂ ਪ੍ਰਭੂ ਪਰਮਾਤਮਾ ਨੇ ਆਪਣੇ ਆਪ ਨੂੰ ਨਿਰੰਕਾਰ ਤੋਂ ਸਾਕਾਰ ਰੂਪ ਕੀਤਾ ਅਤੇ ਇਸ ਸਾਰੇ ਪਾਸਾਰੇ ਵਿੱਚ ਸਮਾਂ ਕੇ ਵਰਤਣ ਲੱਗ ਪਿਆ।

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**
**ਆਸਾ ਕੀ ਵਾਰ (ਮਃ ੧) - ਅੰਗ ੪੬੩**

ਇਸ ਲਈ ਗੁਰੂ ਨਾਨਕ ਪਾਤਸ਼ਾਹ ਨੇ ਸਿਧਾ ਨੂੰ ਬੜੇ ਸੁੰਦਰ ਸ਼ਬਦਾਂ ਵਿੱਚ ਸਮਝਾਇਆ ਕਿ ਉਨ੍ਹਾਂ ਦਾ ਗੁਰੂ ਤਾਂ ਸ਼ਬਦ ਹੈ । ਕਿਉਂਕਿ ਸਾਰੇ ਸੰਸਾਰ ਦੀ ਹੋਂਦ ਹੀ ਸ਼ਬਦ ਤੋਂ ਹੈ ।

**ਕੀਤਾ ਪਸਾਉ ਏਕੋਂ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ (ਅੰਕ ੩)**

ਇੱਕ ਸ਼ਬਦ ਇੱਕ ਹੁਕਮ ਜਿਸ ਰਾਹੀਂ ਸਾਰਾ ਦ੍ਰਿਸ਼ਟਮਾਨ ਪਸਾਰਾ ਹੋਂਦ ਵਿੱਚ ਆਇਆ ਤੇ ਗੁਰੂ ਜੀ ਸਿਧਾ ਨੂੰ ਦਸਦੇ ਨੇ:

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅੰਗ ੯੪੩**

ਜੀਵਨ ਦਾ ਮੁਢ ਪ੍ਰਾਣ ਹਨ । ਮਨੁੱਖਾ ਜਨਮ ਹੀ ਐਸਾ ਸਮਾ ਹੈ ਜਦੋਂ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ । ਸਤਿਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਨ ਦਾ ਸਮਾਂ ਮਨੁੱਖਾ-ਜਨਮ ਹੀ ਹੈ ।

ਇਹ ਸ਼ਬਦ ਵਿੱਚ ਗੁਰੂ ਹੈ-ਸਰੀਰ ਗੁਰੂ ਨਹੀਂ । ਸਰੀਰ ਤਾਂ ਕੇਵਲ ਸ਼ਬਦ ਨੂੰ ਪ੍ਰਗਟ ਕਰਨ ਦਾ ਸਾਧਨ ਹੈ । ਸ਼ਬਦ ਸਦੀਵੀ ਹੈ, ਸਾਧਨ ਨਾਸ਼ਵੰਤ ਹੈ । ਸਾਧਨ ਦੀ ਸੀਮਾ ਹੈ, ਸ਼ਬਦ ਅਸੀਮ ਅਤੇ ਘਟਿ ਘਟਿ ਵਿੱਚ ਵਿਆਪਕ ਹੈ ।

ਤੇ ਦੂਸਰੇ ਸਵਾਲ-ਕਿਸਕਾ ਤੂੰ ਚੇਲਾ-ਗੁਰੂ ਜੀ ਫੁਰਮਾਉਂਦੇ ਹਨ "ਸੁਰਤਿ ਧੁਨਿ ਚੇਲਾ" ਅਰਥਾਤ ਉਸ ਸ਼ਬਦ ਦੀ ਧੁਨਿ ਨੂੰ ਆਪਣੀ ਸੁਰਤਿ ਵਿੱਚ ਟਿਕਾ ਲੈਣਾ ਹੀ ਚੇਲਾ ਹੋਣਾ ਹੈ । ਜੇ ਸੁਰਤਿ ਵਿੱਚ ਸ਼ਬਦ ਟਿੱਕ ਜਾਵੇ ਤਾਂ ਟਿਕੀ ਸੁਰਤਿ ਤੇ ਪ੍ਰਭੂ ਵਿੱਚ ਲੀਨ ਹੁੰਦੀ ਹੈ । ਇਸ ਲਈ ਸੁਰਤਿ ਧੁਨਿ ਚੇਲਾ । ਤੇ ਜੇ ਸਰੀਰ ਗੁਰੂ ਨਹੀਂ ਤਾਂ ਚੇਲਾ ਵੀ ਸਰੀਰ ਨਹੀਂ । ਇਹ ਭੁਲੇਖਾ ਗੁਰੂ ਨੇ ਕੱਢ ਦਿੱਤਾ । ਤੇ ਜੇ ਸਰੀਰ ਗੁਰੂ ਨਹੀਂ, ਚੇਲਾ ਵੀ ਸਰੀਰ ਨਹੀਂ ਤਾਂ ਇਸ ਸਰੀਰ ਨਾਲ ਕੀਤੇ ਅਨੇਕ ਕਰਮ ਮਨੁੱਖ ਨੂੰ ਪ੍ਰਭੂ ਤੱਕ ਪਹੁੰਚਣ ਵਿੱਚ ਅਸਮਰਥ ਹਨ ਤੇ ਇਸ ਲਈ ਸ਼ਬਦ-ਸੁਰਤਿ ਦਾ ਮੇਲ ਦੱਸ ਕੇ ਗੁਰੂ ਨਾਨਕ ਪਾਤਸ਼ਾਹ ਨੇ ਸਿੱਧਾਂ ਦਾ ਸ਼ੰਕਾ ਨਿਵਰਤ ਕਰ ਸੰਪੂਰਨ ਲੋਕਾਈ ਨੂੰ ਜੀਵਨ ਸੇਧ ਬਖਸ਼ੀ ਅਤੇ ਪ੍ਰਭੂ ਪਰਮਾਤਮਾ ਦੇ ਮਿਲਾਪ ਦਾ ਸਰਲ ਰਸਤਾ ਦਰਸਾਇਆ ।

ਗੁਰੂ ਕਿਰਪਾ ਕਰੇ ਕਿ ਅਸੀਂ ਇਧਰ ਉਧਰ ਦੀ ਭਟਕਣਾ ਨੂੰ ਛੱਡ ਕੇ ਗੁਰੂ ਦੇ ਸਹੀ ਉਪਦੇਸ਼ ਨਾਲ ਜੁੜੀਏ ਤੇ ਆਪਣੇ ਜੀਵਨ ਨੂੰ ਸਫਲਾ ਕਰੀਏ । ਇਹੀ ਹੈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਨੂੰ ਮਨਾਉਣ ਦਾ ਸਹੀ ਢੰਗ ਤੇ ਮਨੋਰਥ ।

**ਧੰਨਵਾਦਿ ਸਾਹਿਤ ਵਿਚੋਂ :-ਗੁਰੂ ਗ੍ਰੰਥ ਸਾਹਿਬ**
**ਇੱਕ ਜੀਵਨ ਜਾਚ - ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ**

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**
**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥**

ਪ੍ਰਿੰ. ਨਰਿੰਦਰ ਬੀਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਇੱਕ ਜੀਵਨ ਜਾਚ ਹੈ । ਗੁਰੂ ਸਾਹਿਬਾਨ ਨੇ, ਭਗਤਾ ਨੇ ਜੀਵਨ ਜੀਅ ਕੇ ਜੀਵਨ ਦੀ ਸਚਾਈ ਨੂੰ ਪ੍ਰਗਟ ਕੀਤਾ ਅਤੇ ਮਨੁਖਤਾ ਨੂੰ ਸੁਚੱਜਾ ਜੀਵਨ ਜੀ ਕੇ ਪ੍ਰਮਾਤਮਾ ਵਿੱਚ ਲੀਨ ਹੋਣ ਦਾ ਸੁਖੈਨ ਰਾਹ ਸਿਖਾਇਆ ।

ਫਰੀਦ ਸਾਹਿਬ ਜੀ ਦਾ ਉਪਰੋਕਤ ਸ਼ਲੋਕ ਜੀਵਨ ਦੀ ਸਫਲਤਾ ਲਈ ਅਤੇ ਪ੍ਰਮਾਤਮਾ ਵਿੱਚ ਲੀਨ ਹੋਣ ਦਾ ਰਾਹ ਪਦਰਾ ਕਰਨ ਦੀ ਪ੍ਰੇਰਨਾ ਦਿੰਦਾ ਹੈ । ਇਸ ਸ਼ਲੋਕ ਵਿਚੋਂ ਇਹ ਭੀ ਸਪਸ਼ਟ ਹੋ ਰਿਹਾ ਹੈ ਕਿ ਜਿਵੇਂ ਫਰੀਦ ਸਾਹਿਬ ਪ੍ਰਮਾਤਮਾ ਦੇ ਸਾਹਮਣੇ ਖੜੇ ਹੋਣ ਅਤੇ ਪ੍ਰਮਾਤਮਾ ਨਾਲ ਗਲਾਂ ਕਰ ਰਹੇ ਹੋਣ ।

ਪ੍ਰਮਾਤਮਾ ਫਰੀਦ ਸਾਹਿਬ ਨੂੰ ਸੰਬੋਧਨ ਕਰਕੇ ਇਹ ਗੱਲ ਸਮਝਾ ਰਹੇ ਹਨ ਕਿ ਹੇ ਫਰੀਦ, ਜੇ ਤੂ ਆਪਣੇ ਆਪ ਨੂੰ ਸਵਾਰ ਲਵੇ ਤਾਂ ਮੈਨੰ ਮਿਲ ਪਏਗਾ, ਤੈਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ ਅਤੇ ਮੈਨੂੰ ਮਿਲਣ ਨਾਲ ਸਾਰਾ ਸੰਸਾਰ ਹੀ ਤੇਰਾ ਹੋ ਜਾਵੇਗਾ ।

ਭਾਵੇ ਇਹ ਸ਼ਲੋਕ ਫਰੀਦ ਸਾਹਿਬ ਨੂੰ ਸੰਬੋਧਨ ਹੋਇਆ ਪ੍ਰਤੀਤ ਹੁੰਦਾ ਹੈ ਪਰ ਇਸ ਵਿੱਚ ਅੰਕਿਤ ਉਪਦੇਸ਼ ਪੂਰੀ ਮਨੁਖਤਾ ਲਈ ਹੈ । ਇਸ ਸ਼ਲੋਕ ਵਿੱਚ ਪਹਿਲਾ ਉਪਦੇਸ਼ ਆਪਣੇ ਆਪ ਨੂੰ ਸਵਾਰਨਾ ਹੈ । ਅਗਰ ਸੰਸਾਰ ਵਲ ਝਾਤ ਮਾਰੀਏ ਤਾਂ ਇਹ ਗਲ ਪਕੀ ਤਰਾਂ ਸਮਝ ਪਏਗੀ ਕਿ ਅੱਜ ਮੱਨੁਖ ਦਾ ਸਾਰਾ ਜ਼ੋਰ ਅਪਣੇ ਬਾਹਰਲੇ ਸਰੂਪ ਨੂੰ ਸਵਾਰਨ ਤੇ ਲਗਦਾ ਹੈ । ਅਨੇਕ ਤਰਾਂ ਦੇ ਸ਼ਿੰਗਾਰ ਦੇ ਸਾਧਨਾ ਦਾ ਪ੍ਰਯੋਗ ਕਰਦਾ ਹੈ ਇਹ ਸ਼ਿਗਾਰ ਸਰੀਰ ਦਾ ਹੋਵੇ ਜਾਂ ਘਰ ਦਾ ਹੋਵੇ ਜਾਂ ਹੋਰ ਕਿਸੇ ਕਿਸਮ ਦਾ । ਮਨੁਖ ਦੀ ਸਾਰੀ ਦੌੜ ਇਸ ਗਲ ਤੇ ਅੜਕੀ ਹੈ ਕਿ ਉਹ ਬਹੁਤ ਸੁੰਦਰ ਲਗੇ ਉਸਦੀ ਕੁਲ ਬੜੀ ਉਚੀ ਹੈ, ਉਹ ਬਹੁਤ ਹੀ ਚਲਾਕ ਹੈ ਅਤੇ ਉਹ ਬਹੁਤ ਵਡਾ ਧੰਨਵੰਤ ਹੈ । ਗੁਰਬਾਣੀ ਦਾ ਫੁਰਮਾਣ ਹੈ–

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥**

**ਗਉੜੀ ਬ.ਅ. (ਮঃ ੫) – ਅੰਗ ੨੫੩**

ਪਹਿਲੀ ਤੁੱਕ ਵਿੱਚ ਮਨੁੱਖ ਦੀ ਬ੍ਰਿਤੀ ਦਾ ਵਰਣਨ ਹੈ ਅਤੇ ਦੂਸਰੀ ਪਕੰਤੀ ਵਿੱਚ ਗੁਰੂ ਸਾਹਿਬ ਚਿਤਾਵਨੀ ਦਿੰਦੇ ਸਮਝਾਉਂਦੇ ਹਨ ਕਿ ਤੇਰਾ ਉਪਰੋਕਤ ਸਾਰਾ ਕਰਮ ਪ੍ਰਭੂ ਦੀ ਪ੍ਰੀਤ, ਉਸ ਦੇ ਸਿਮਰਨ ਤੋਂ ਖਾਲੀ ਇੰਜ ਹੈ ਜਿਵੇਂ ਕੋਈ ਮੁਰਦਾ ਹੋਵੇ । ਅਰਥਾਤ ਮੁਰਦੇ ਤੇ ਕੀਤਾ ਸਾਰਾ ਸ਼ਿਗਾਰ ਵਿਅਰਥ ਹੈ ।

ਪਰ ਇਹ ਸਾਰਾ ਯਤਨ ਸੰਸਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ ਮਨੁੱਖ ਨੂੰ ਵਡਿਆਈ ਅਤੇ ਅੰਹਕਾਰ ਤੇ ਦੇ ਸਕਦਾ ਹੈ ਪਰ ਪਰਮਾਤਮਾ ਨਾਲ ਮਿਲਾਪ ਨਹੀਂ ਕਰਾ ਸਕਦਾ।

ਬਾਹਰਲੀ ਮੈਲ ਤਾਂ ਮਨੁੱਖ ਨੂੰ ਨਜਰ ਆਉਂਦੀ ਹੈ ਅਤੇ ਉਸ ਮੈਲ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ ਤਾਂ ਜੋ ਸੰਸਾਰ ਨੂੰ ਚੰਗਾ ਲਗੇ, ਪਰ ਮਨੁੱਖ ਨੂੰ ਅਪਣੇ ਅੰਦਰਲੀ ਮੈਲ ਦਾ ਗਿਆਨ ਹੀ ਨਹੀਂ। ਇਸ ਲਈ ਉਸ ਮੈਲ ਨੂੰ ਦੂਰ ਕਰਨ ਦਾ ਯਤਨ ਭੀ ਕੋਈ ਨਹੀਂ ਕਰਦਾ ਜਾਂ ਬਹੁਤ ਘਟ ਕਰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਸੋਰਠਿ ਕੀ ਵਾਰ (ਮਃ ੩) – ਅੰਗ ੬੫੧

ਅਤੇ ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਵਡਹੰਸ (ਮਃ ੩) ਗੁਰੂ ਗ੍ਰੰਥ ਸਾਹਿਬ – ਅੰਗ ੫੫੮

ਆਓ ਆਪਣੇ ਅੰਦਰ ਝਾਂਤ ਮਾਰੀਏ ਅਤੇ ਅਪਣੇ ਅੰਦਰਲੇ ਸਰੂਪ ਦੀ ਪਹਿਚਾਨ ਕਰੀਏ ਤਾਂ ਜੋ ਫਰੀਦ ਸਾਹਿਬ ਦੇ ਸ਼ਲੋਕ ਵਿੱਚ ਉਪਦੇਸ਼ਾਂ ਰਾਹੀਂ ਅਪਣਾ ਆਪਾ ਸਵਾਰ ਸਕੀਏ। ਇਸ ਸੰਬੰਧ ਵਿੱਚ ਹੇਠ ਕੁਝ ਪ੍ਰਮਾਣ ਦਿੱਤੇ ਜਾਂਦੇ ਹਨ ਜਿਨਾਂ ਤੇ ਸਾਡੇ ਅੰਦਰ ਦਾ ਸਰੂਪ ਪ੍ਰਗਟ ਹੁੰਦਾ ਹੈ।

੧. ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥
ਸਿਰੀਰਾਗੁ (ਮਃ ੧) – ਅੰਗ ੧੫

ਗੁਰੂ ਨਾਨਕ ਪਾਤਸ਼ਾਹ ਸਮਝਾ ਰਹੇ ਨੇ ਕਿ ਹੇ ਮਨੁੱਖ ਤੇਰੇ ਅੰਦਰ ਤਾਂ ਲੋਭ ਦਾ ਕੁਤਾ ਬੈਠਾ ਹੈ ਕੂੜ ਚੂਹੜਾ ਹੈ ਅਤੇ ਸਾਰਾ ਦਿਨ ਠਗੀਆਂ ਮਾਰ ਕੇ ਤੂੰ ਮੁਰਦਾ ਹੀ ਖਾ ਰਹਿਆ ਹੈ। ਪਰਾਈ ਨਿੰਦਾ ਤੇਰਾ ਸੁਭਾਉ ਬਣ ਗਿਆ ਹੈ ਜੋ ਪਰਾਈ ਮੈਲ ਮੂੰਹ ਵਿੱਚ ਪਾਣ ਵਰਗੀ ਹੈ। ਤੇਰੇ ਅੰਦਰ ਤਾਂ ਕ੍ਰੋਧ ਦੀ ਅੱਗ ਚੰਡਾਲ ਦਾ ਰੂਪ ਧਾਰਨ ਕਰੀ ਬੈਠੀ ਹੈ। ਸਭ ਤੋਂ ਉਪਰ ਤੂੰ ਆਪਣੀ ਸ਼ੋਭਾ ਸੁਣਕੇ ਅਤੇ ਆਪ ਵੀ ਅਪਣੀ ਸ਼ੋਭਾ ਕਰਕੇ ਬਹੁਤ ਪ੍ਰਸੰਨ ਹੁੰਦਾ ਹੈ। ਇਹ ਹਨ ਤੇਰੇ ਅਸਲ ਕਰਮ। ਜੋ ਉਪਰੋਕਤ ਵੀਚਾਰ ਸਾਡੀ ਸੋਚ ਦਾ ਹਿਸਾ ਬਣ ਜਾਵੇ ਤਾਂ ਸਾਨੂੰ ਪ੍ਰਤੀਤ ਹੋਵੇਗਾ ਕਿ।

੨. ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥
ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ ॥
ਗਉੜੀ ਕੀ ਵਾਰ:੧ (ਮਃ ੪) – ਅੰਗ ੩੧੧

੩. ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥

ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥

ਸਿਰੀਰਾਗੁ ਕੀ ਵਾਰ (ਮਃ ੧) – ਅੰਗ ੮੫

੪. ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥

ਆਸਾ (ਮਃ ੫) – ਅੰਗ ੩੭੯

੫. ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥

੬. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥ ਅੰਗ ੬੦੦

ਅਗਰ ਉਪਰੋਕਤ ਹਾਲ ਦੀ ਸੋਝੀ ਹੋ ਜਾਵੇ ਤਾਂ ਸਾਨੂੰ ਪ੍ਰਤੀਤ ਹੋਵੇਗਾ ਕਿ ਇਹ ਤਾਂ ਬੜੀ ਹੀ ਤਰਸ ਯੋਗ ਹਾਲਤ ਹੈ । ਮੇਰਾ ਜੀਵਨ ਇਨਾਂ ਵਿੱਚ ਰੁਝ ਦੇ ਵਿਆਰਥ ਹੀ ਜਾ ਰਿਹਾ ਹੈ । ਤਾਂ ਤੇ ਆਉ ਗੁਰੂ ਸਾਹਿਬ ਤੋਂ ਅਪਣੇ ਅੰਦਰਲੇ ਨੂੰ ਸਵਾਰਨ ਦੀ ਜੁਗਤਿ ਪੁਛੀਏ ਤਾਂ ਜੀਵਨ ਸਫਲ ਹੋ ਸਕੇ ।

ਫਰੀਦ ਜੀ ਅਪਣੀ ਬਾਣੀ ਵਿੱਚ ਆਪਾ ਸਵਾਰਨ ਦੀ ਜੁਗਤਿ ਦਸਦੇ ਫੁਰਮਾਉਂਦੇ ਹਨ ਕਿ ਨਿਮਰਤਾ, ਖਿਮਾ ਅਤੇ ਮਿਠਾ ਬੋਲਣਾ ਜੇ ਤੇਰੇ ਜੀਵਨ ਦਾ ਆਧਾਰ ਬਣ ਜਾਵੇ ਇਹ ਤੇਰਾ ਸ਼ਿਗਾਰ ਬਣ ਜਾਵੇ ਤਾਂ ਪ੍ਰਭੂ ਪਰਮਾਤਮਾ ਤੇਰਾ ਕੰਤ ਤੇਰੇ ਵਸ ਵਿੱਚ ਆ ਜਾਵੇਗਾ।

੧. ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥

ਸਲੋਕ (ਭ. ਫਰੀਦ) – ਅੰਗ ੧੩੮੪

੨. ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

ਸਲੋਕ (ਭ. ਫਰੀਦ) – ਅੰਗ ੧੩੮੪

੩. ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥

ਸਲੋਕ (ਭ. ਫਰੀਦ) – ਅੰਗ ੧੩੮੪

ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿਰੀ ਰਾਗ ਅੰਦਰ ਅੰਕ ੧੫ ਫੁਰਮਾਨ ਕਰਦੇ ਹਨ

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਅੰਗ ੧੫

ਗੁਰੂ ਅਰਜੁਨ ਸਾਹਿਬ ਬਿਲਾਵਲ ਰਾਗ ਵਿਚ ਫੁਰਮਾਨ ਕਰਦੇ ਹਨ

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥ -
ਬਿਲਾਵਲੁ (ਮਃ ੫) - ਅੰਗ ੮੧੨

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥
ਕਾਨੜਾ (ਮਃ ੫) ਗੁਰੂ ਗ੍ਰੰਥ ਸਾਹਿਬ - ਅੰਗ ੧੨੯੯

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
ਕਾਨੜਾ (ਮਃ ੫) - ਅੰਗ ੧੨੯੯

ਭਾਈ ਗੁਰਦਾਸ ਜੀ ਜੀਵਨ ਘਾੜਤ ਦੀ ਸੇਦ ਇਸ ਪ੍ਰਕਾਰ ਦਿੰਦੇ ਹਨ

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ।
ਆਸਾ ਵਿਚਿ ਨਿਰਾਸੁ ਵਲਾਏ ॥੧੫॥ - (ਵਾਰ ੨੮ ਪਉੜੀ ੧੫)

ਇੱਕ ਸਵਰੇ ਜੀਵਨ ਦੀ ਝਲਕ ਗੁਰੂ ਰਾਮਦਾਸ ਪਾਤਸ਼ਾਹ ਦੇ ਹੇਠ ਲਿਖੇ ਫੁਰਮਾਨ 'ਚੋਂ ' ਦਰਸ਼ਨ ਕਰੀਏ ਅਤੇ ਜੀਵਨ- ਜੀਉ ਕੇ ਇਸ ਨੂੰ ਸਫਲ ਕਰੀਏ ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ ਅੰਗ ੩੦੬

ਇਹੋ ਜਿਹਾ ਜੀਵਨ ਜੀਉਣ ਵਾਲੇ ਪ੍ਰਾਣੀ ਤੇ ਹੀ ਇਹ ਬੋਲ ਬਣਦੇ ਹਨ

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥
ਸਲੋਕ (ਭ. ਫਰੀਦ) – ਅੰਗ ੧੩੮੨

## ਗਤੀਵਿਧੀਆਂ

**ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:–**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 15-10-2017 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ। ਪਾਠ ਦੇ ਭੋਗ 17-10-2017 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 17-10-2017 ਦਿਨ ਮੰਗਲਵਾਰ ਸ਼ਾਮ ਨੂੰ **6.30** ਤੋਂ **9.00** ਵਜੇ ਤੱਕ **ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥**' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ। ਕਥਾ ਦੀ ਸੇਵਾ ਵਾਇਸ ਪ੍ਰਿੰਸੀਪਲ ਭਾਈ ਹਰਵੀਰ ਸਿੰਘ ਨੇ ਕੀਤੀ। ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਨਵੰਬਰ ਮਹੀਨੇ ਦੇ ਸਮਾਗਮ:–

**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ :**

**ਪ੍ਰਭਾਤ ਫੇਰੀਆਂ :–** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਅਰੰਭਤਾ ਮਿਤੀ 28-10-2017 (ਸ਼ਨੀਵਾਰ ) ਨੂੰ ਕੀਤੀ ਗਈ ਹੈ। ਜਿਸ ਦੀ ਸਮਾਪਤੀ ਮਿਤੀ 03-11-2017 ਨੂੰ ਹੋਵੇਗੀ

**ਗੁਰਮਤਿ ਸਮਾਗਮ :–** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਮਿਤੀ 4-11-2017 (ਸ਼ਨੀਵਾਰ) ਨੂੰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਤੋਂ 10.30 ਵਜੇ ਤੱਕ ਗੁਰਮਤਿ ਸਮਾਗਮ ਹੋਣਗੇ। ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

1. ਨਾਨਕਸ਼ਾਹੀ ਜੰਤਰੀ ਅਨੁਸਾਰ ਮੱਘਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-11-2017 ਦਿਨ ਵੀਰਵਾਰ ਸ਼ਾਮ ਨੂੰ **6.30** ਵਜੇ ਤੋ **9.00** ਵਜੇ ਤੱਕ 'ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਸਤੰਬਰ ਅਤੇ ਅਕਤੂਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 98 | 192 | 290 |
| 2 | Eye | 14 | 38 | 52 |
| 3 | Cardiology | 06 | 40 | 46 |
| 4 | Dental | 30 | 63 | 93 |
| 5 | Gynaecology | 15 | 52 | 67 |
| 6 | Homoeopathy | 40 | 315 | 352 |
| 7 | Physiotherapy | 04 | 16 | 20 |
| | Total | 207 | 713 | 920 |
| | Laboratory | 76 | - | 76 |

## ਧੰਨਵਾਦਿ :

### ਅਕਤੂਬਰ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. Col. H.S Uppal #306/Sec. 33A/Chd — 40,000/-
2. S. Harmohinder Singh #992/Sector-69/Mohali — 36,000/-
3. S. Birinder Singh # 6A/Sunny Enclave/ Kharar — 500/-
4. S. Dhanwant Singh #447/Phase- 4/Mohali — 1,000/-
5. Bibi Rajleen Kaur #836/Phase- II/Mohali — 500/-
6. Bibi. Harleen Kaur Sarna #107G, Shivalik Vihar Naya Goan, Mohali — 500/-
7. Bibi Harpreet Kaur #461/Sec 44A/Chd — 1,000/-
8. Bibi Gurdeep Kaur #461/Sec. 44A/Chd — 1,000/-
9. S. Harsharnpal Singh Bhatia #461/Sec. 44A/Chd — 1,000/-
10. S. Narinder Bir Singh #1444/Sec. 34C/Chd — 2,000/-
11. Bibi Surjit Kaur #1444/Sec. 34C/Chd — 2,000/-
12. S. Paramjit Singh#256/1/Sec. 45A/Chd — 2,000/-
13. Mrs. Priyanka # A-102/Model Town/Kharar — 1,000/-
14. Bibi Gurbachan Kaur #1535/Sec. 34D/Chd — 2,000/-
15. All Indian Sikh Federation(Regd.)
    D-9(G.F.) Green Park Main New Delhi — 11,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।